ਸ੍ਰੀ ਗੁਰੂ ਤੇਗ ਬਹਾਦਰ ਜੀ

ਦੀ ਅਦੁੱਤੀ ਸ਼ਹਾਦਤ : ਇਤਿਹਾਸਕ ਪਰਿਪੇਖ





ਡਾ. ਸੰਦੀਪ ਸਿੰਘ

ਪਬਲੀਕੇਸ਼ਨ ਅਤੇ ਖੋਜ ਵਿਭਾਗ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਕੁਰੂਕਸ਼ੇਤਰ

Copyright©
Haryana Sikh Gurdwara Management Committee,
Kurukshetra

Sri Guru Teg Bahadur Ji Di Aduti Shahadat:
Itehasak Parpekh
(Punjabi)

Writer:
Dr. Sandeep Singh
In-charge
Department of Publication & Research,
Haryana Sikh Gurdwara Management Committee,
Kurukshetra

Assistance & Design
Dr. Jagjit Singh

2024

December 2024 2,000

Printer : Azad Soch

Published by Department of Publication & Research,
Haryana Sikh Gurdwara Management Committee,
Kurukshetra

ਮੁੱਖ ਬੰਧ

ਸਿੱਖ ਧਰਮ ਦੇ ਨੌਵੇਂ ਪਾਤਸ਼ਾਹ, ਸ੍ਰੀ ਗੁਰੂ ਤੇਗ ਬਹਾਦਰ ਜੀ ਬਹੁਪੱਖੀ ਪ੍ਰਤਿਭਾਸ਼ਾਲੀ ਰੂਹਾਨੀ ਰਹਿਬਰ ਹੋਏ ਹਨ ਜਿਹਨਾਂ ਦਾ ਸਮੁੱਚਾ ਜੀਵਨ, ਬਾਣੀ ਅਤੇ ਸ਼ਹਾਦਤ ਮਾਨਵਤਾ ਲਈ ਆਦਰਸ਼ ਦਾ ਕਾਰਜ ਕਰ ਰਹੀ ਹੈ। ਉਹਨਾਂ ਨੇ ਆਪਣੀ ਸਰੀਰਕ ਮੌਜੂਦਗੀ ਦੌਰਾਨ ਡਰ ਅਤੇ ਨਿਰਾਸਤਾ ਵਿਚ ਗ੍ਰਸਿਤ ਲੋਕਾਈ ਨੂੰ ਨਿਡਰਤਾ ਦਾ ਸੰਦੇਸ਼ ਪ੍ਰਦਾਨ ਕੀਤਾ ਅਤੇ ਮਨੁੱਖਤਾ ਦੇ ਧਾਰਮਿਕ ਅਧਿਕਾਰਾਂ ਨੂੰ ਸੁਰੱਖਿਅਤ ਰੂਪ ਪ੍ਰਦਾਨ ਕਰਨ ਲਈ ਆਪਣੀ ਬੇਮਿਸਾਲ ਸ਼ਹਾਦਤ ਵੀ ਦਿੱਤੀ। ਇਹ ਸ਼ਹਾਦਤ ਸੰਸਾਰ ਦੀ ਇਕ ਵਿਲੱਖਣ ਸ਼ਹੀਦੀ ਹੈ ਜੋ ਆਪਣੇ ਨਿਜ ਤੋਂ ਉੱਪਰ ਉੱਠ ਕੇ ਕੀਤਾ ਗਿਆ ਅਦੁਤੀ ਸਾਕਾ ਹੈ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪਬਲੀਕੇਸ਼ਨ ਅਤੇ ਖੋਜ ਵਿਭਾਗ ਵੱਲੋਂ ਡਾ. ਸੰਦੀਪ ਸਿੰਘ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਵਿਭਿੰਨ ਪੱਖਾਂ ਨੂੰ ਇਸ ਟ੍ਰੈਕਟ ਦੇ ਰੂਪ ਵਿੱਚ ਪ੍ਰਗਟ ਕਰਨਾ ਪ੍ਰਸੰਸਾਯੋਗ ਕਾਰਜ ਹੈ। ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਗੁਰੂ ਪਾਤਸ਼ਾਹ ਜੀ ਨੂੰ ਕੋਟਾਨਿ-ਕੋਟ ਪ੍ਰਣਾਮ ਕਰਦੇ ਹਾਂ।

ਜਥੇਦਾਰ ਭੁਪਿੰਦਰ ਸਿੰਘ ਅਸੰਧ

ਪ੍ਰਧਾਨ, ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ

ਕੁਰੂਕਸ਼ੇਤਰ (ਹਰਿਆਣਾ)।

ਸੰਦੇਸ਼

ਸ੍ਰੀ ਗੁਰੂ ਤੇਗ ਬਹਾਦਰ ਜੀ ਸੰਸਾਰ ਵਿੱਚ ਧਰਮ ਰੱਖਿਅਕ ਗੁਰੂ ਵਜੋਂ ਵਿਸ਼ਵ ਵਿਖਿਆਤ ਅਧਿਅਤਾਤਮਕ ਆਗੂ ਹਨ ਜਿਹਨਾਂ ਨੇ ਧਾਰਮਿਕ ਅਕੀਦਿਆਂ ਦੀ ਸੁਤੰਤਰਤਾ ਲਈ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਸਾਹਿਬ ਦੀ ਸ਼ਹਾਦਤ ਬੇਮਿਸਾਲ ਵਰਤਾਰਾ ਹੈ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਕੀਨੋ ਬਡੋ ਕਲੂ ਮਹਿ ਸਾਕਾ' ਵਜੋਂ ਚਿਤ੍ਰਿਤ ਕੀਤਾ ਹੈ। ਉਹਨਾਂ ਦੇ ਸ਼ਹੀਦੀ ਦਿਹਾੜੇ 'ਤੇ ਸਮੁੱਚਾ ਵਿਸ਼ਵ ਇਸ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ ਕਰ ਰਿਹਾ ਹੈ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪਬਲੀਕੇਸ਼ਨ ਅਤੇ ਖੋਜ ਵਿਭਾਗ ਵੱਲੋਂ ਇਸ ਸ਼ਹੀਦੀ ਨੂੰ ਨਮਨ ਕਰਦੇ ਹੋਏ ਸ਼ਹਾਦਤ ਦੇ ਇਤਿਹਾਸਿਕ ਪੱਖ ਨਾਲ ਸੰਬੰਧਿਤ ਟ੍ਰੈਕਟ ਤਿਆਰ ਕੀਤਾ ਗਿਆ ਹੈ ਜੋ ਕਿ ਸਲਾਘਾਯੋਗ ਉਪਰਾਲਾ ਹੈ। ਟ੍ਰੈਕਟ ਦੇ ਲਿਖਾਰੀ ਡਾ. ਸੰਦੀਪ ਸਿੰਘ ਇਸ ਕਾਰਜ ਲਈ ਗੁਰੂ ਬਖਸ਼ਿਸ਼ ਦੇ ਪਾਤਰ ਹਨ। ਪਬਲੀਕੇਸ਼ਨ ਅਤੇ ਖੋਜ ਵਿਭਾਗ ਦੇ ਚੇਅਰਪਰਸਨ ਵਜੋਂ ਇਹ ਲਿਖਤ ਸੰਗਤਾਂ ਨੂੰ ਅਰਪਿਤ ਕਰਦੇ ਹੋਏ ਮੈਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਬਾਰੰ ਬਾਰ ਪ੍ਰਣਾਮ ਕਰ ਰਹੀ ਹਾਂ। ਗੁਰੂ ਸਾਹਿਬ ਸਮੁੱਚੀ ਮਾਨਵਤਾ ਦੇ ਸਿਰ 'ਤੇ ਆਪਣਾ ਮਿਹਰਾ ਭਰਿਆ ਹੱਥ ਬਣਾਈ ਰੱਖਣ।

ਬੀਬੀ ਰਵਿੰਦਰ ਕੌਰ ਅਜਰਾਣਾ

ਜੂਨੀਅਰ ਮੀਤ ਪ੍ਰਧਾਨ, ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ

ਚੇਅਰਪਰਸਨ

ਪਬਲੀਕੇਸ਼ਨ ਅਤੇ ਖੋਜ ਵਿਭਾਗ, ਆਈ ਟੀ ਵਿਭਾਗ

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ

ਕੁਰੂਕਸ਼ੇਤਰ (ਹਰਿਆਣਾ)।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ 'ਖੰਨਿਅਹੁ ਤਿਖੀ ਵਾਲਹੁ ਨਿਕੀ' ਵਾਲੇ ਸਚਿਆਰ ਮਾਰਗ ਦੇ ਨੌਂਵੇਂ ਰਹਿਬਰ ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਰੱਖਿਅਕ ਮਸੀਹਾ ਵਜੋਂ ਜਾਣੇ ਜਾਂਦੇ ਹਨ ਜਿਨ੍ਹਾਂ ਦਾ ਨਾਮ ਧਾਰਮਿਕ ਸੁਤੰਤਰਤਾ ਅਤੇ ਮਾਨਵੀ ਅਧਿਕਾਰਾਂ ਲਈ ਦਿੱਤੀ ਸ਼ਹਾਦਤ ਕਾਰਨ ਬਹੁਤ ਹੀ ਸਤਿਕਾਰ ਸਹਿਤ ਲਿਆ ਜਾਂਦਾ ਹੈ। ਉਹਨਾਂ ਨੇ ਤਤਕਾਲੀਨ ਸਮੇਂ ਵਿਚ ਜ਼ੁਲਮ ਅਤੇ ਨਰਕ ਭੋਗ ਰਹੀ ਲੋਕਾਈ ਨੂੰ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦਾ ਨਿਡਰਤਾ ਵਾਲਾ ਪਾਠ ਪੜ੍ਹਾਇਆ ਜਿਸ ਨੇ ਲੋਕਾਂ ਅੰਦਰ ਇਕ ਨਵੀਂ ਚੇਤਨਾ ਪੈਦਾ ਕੀਤੀ। ਗੁਰੂ ਸਾਹਿਬ ਨੇ ਸਮੇਂ ਦੀ ਨਜ਼ਾਕਤ ਅਨੁਸਾਰ ਜ਼ੁਲਮਾਂ ਵਿਰੁੱਧ ਲੜੀ ਜਾ ਰਹੀ ਹਥਿਆਰਬੰਦ ਜੰਗ ਵਿਚ ਤੇਗ ਦੇ ਜੌਹਰ ਵਿਖਾਏ ਅਤੇ ਸਮਾਂ ਆਉਣ 'ਤੇ ਸ਼ਾਂਤਮਈ ਢੰਗ ਨਾਲ 'ਠੀਕਰਿ ਫੋਰਿ ਦਿਲੀਸਿ ਸਿਰਿ' ਵਾਲੀ ਸ਼ਹਾਦਤ ਦੇ ਅਦੁੱਤੀ ਕਾਰਨਾਮੇ ਰਾਹੀਂ 'ਕੀਨੋ ਬਡੋ ਕਲੂ ਮਹਿ ਸਾਕਾ' ਦੇ ਇਤਿਹਾਸ ਦੀ ਸਿਰਜਣਾ ਕੀਤੀ। ਤਿਆਗ ਤੇ ਵੈਰਾਗ ਦੇ ਗੁਣਾਂ ਦੇ ਧਾਰਨੀ ਗੁਰੂ ਸਾਹਿਬ ਨੇ ਕਰਤਾਰਪੁਰ ਦੀ ਜੰਗ ਵਿਚ ਬਹਾਦਰੀ ਵਿਖਾਉਂਦੇ ਹੋਏ 'ਤੇਗ ਬਹਾਦਰ' ਜੀ ਦਾ ਰੁਤਬਾ ਪ੍ਰਾਪਤ ਕਰ ਕੇ 'ਦੀਨ ਕੈ ਹੇਤਿ' ਲੜਣ ਵਾਲੇ ਸੂਰਮੇ ਦਾ ਸਾਕਾਰ ਰੂਪ ਚਿਤ੍ਰਿਤ ਕੀਤਾ। ਉਹਨਾਂ ਨੇ ਆਪਣੀ ਸਮੁੱਚੀ ਜਿੰਦਗੀ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਸਿਧਾਂਤ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇ ਕੇ ਜ਼ੁਲਮਾਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ; ਆਪਣੇ ਦਰ 'ਤੇ ਫਰਿਆਦੀ ਹੋ ਕੇ ਆਏ ਨਿਤਾਣਿਆਂ ਤੇ ਨਿਮਾਣਿਆਂ ਦੀ ਬਾਂਹ ਫੜੀ ਭਾਵੇਂ ਇਸ ਲਈ ਉਹਨਾਂ ਨੂੰ ਆਪਣੀ ਸ਼ਹਾਦਤ ਵੀ ਦੇਣੀ ਪਈ ਪਰ ਮਜ਼ਲੂਮਾਂ ਨੂੰ ਦਰ ਤੋਂ ਖਾਲੀ ਨਾ ਮੋੜਿਆ। ਗੁਰੂ ਤੇਗ ਬਹਾਦਰ ਜੀ ਉੱਚ ਰੂਹਾਨੀ-ਦਾਰਸ਼ਨਿਕ ਸਖ਼ਸ਼ੀਅਤ ਦੇ ਮਾਲਕ ਸਨ ਜਿਸ ਦਾ ਪ੍ਰਗਟਾਵਾ ਉਹਨਾਂ

ਦੇ ਜੀਵਨ ਘਟਨਾਕ੍ਰਮ ਅਤੇ ਉਹਨਾਂ ਦੀ ਬਾਣੀ ਰੂਪ ਰਚਨਾ ਵਿਚੋਂ ਸਹਿਜੇ ਹੀ ਹੋ ਜਾਂਦਾ ਹੈ।

ਹੱਥਲੇ ਟ੍ਰੈਕਟ ਦਾ ਉਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸੰਬੰਧੀ ਇਤਿਹਾਸਕ ਪੱਖ ਨੂੰ ਪਾਠਕਾਂ ਦੇ ਸਾਹਮਣੇ ਪ੍ਰਸਤੁਤ ਕਰਨਾ ਹੈ। 'ਸ਼ਹਾਦਤ' ਸ਼ਬਦ ਅਰਬੀ ਭਾਸ਼ਾ ਦੇ 'ਸ਼ਹੀਦ' ਲਫਜ਼ ਤੋਂ ਬਣਿਆ ਹੈ। ਜੇਕਰ ਅਸੀ 'ਸ਼ਹੀਦ' ਲਫਜ਼ ਦੇ ਅਰਥ ਬਾਰੇ ਗੱਲ ਕਰੀਏ ਤਾਂ ਪੰਜਾਬੀ ਵਿਸ਼ਵਕੋਸ਼[1] ਦੇ ਅਨੁਸਾਰ ਸ਼ਹੀਦ ਉਹ ਵਿਅਕਤੀ ਹੁੰਦਾ ਹੈ ਜੋ ਸਚਾਈ ਅਤੇ ਨੇਕੀ ਦੇ ਰਾਹ 'ਤੇ ਚਲਦਿਆਂ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ। ਸ਼ਹੀਦ ਹੋਣ ਵਾਲਾ ਮਹਾਨ ਵਿਅਕਤੀ ਅਸੀਮ ਸ਼ਕਤੀ ਦਾ ਅਜਿਹਾ ਸੋਮਾ ਹੁੰਦਾ ਹੈ ਜੋ ਆਪਣੀ ਜਾਨ ਦੇ ਕੇ ਕੌਮ ਵਿਚ ਨਵੀਂ ਰੂਹ ਸਥਾਪਿਤ ਕਰ ਦਿੰਦਾ ਹੈ। ਸ਼ਹੀਦ ਸ਼ਬਦ ਮੂਲ ਰੂਪ ਵਿਚ ਭਾਵੇਂ ਅਰਬੀ ਭਾਸ਼ਾ ਦਾ ਸ਼ਬਦ ਹੈ ਪ੍ਰੰਤੂ ਇਸ ਸ਼ਬਦ ਨੂੰ ਜਿੰਨ੍ਹਾਂ ਜ਼ਿਆਦਾ ਸਿੱਖ ਧਰਮ ਨੇ ਆਪਣੇ ਪਿੰਡੇ 'ਤੇ ਹਕੀਕੀ ਰੂਪ ਵਿਚ ਹੰਢਾਇਆ ਹੈ, ਉਸ ਕਾਰਨ ਇਹ ਸ਼ਬਦ ਸਿੱਖ ਧਰਮ ਨਾਲ ਅਜਿਹੇ ਰੂਪ ਵਿਚ ਜੁੜ ਚੁੱਕਿਆ ਹੈ ਕਿ ਇਸ ਸ਼ਬਦ ਦਾ ਮੂਲ ਸਿੱਖ ਧਰਮ ਵਿਚ ਹੀ ਪ੍ਰਤੀਤ ਹੁੰਦਾ ਹੈ। ਭਾਵੇਂ ਸਿੱਖ ਧਰਮ ਤੋਂ ਇਲਾਵਾ ਸੰਸਾਰ ਦੇ ਵੱਖ-ਵੱਖ ਧਰਮਾਂ ਵਿਚ ਵੀ ਸ਼ਹਾਦਤ ਦਾ ਸੰਕਲਪ ਪ੍ਰਾਪਤ ਹੁੰਦਾ ਹੈ ਪ੍ਰੰਤੂ ਧਰਮਾਂ ਵਿਚ ਸ਼ਹਾਦਤ ਦੇ ਤੁਲਾਤਮਕ ਅਧਿਐਨ ਤੋਂ ਬਾਅਦ ਸਿੱਖ ਧਰਮ ਵਿਚ ਮੌਜੂਦ ਸ਼ਹਾਦਤ ਦਾ ਪ੍ਰਸੰਗ ਆਪਣੇ ਆਪ ਨਿਵੇਕਲੇ ਅਤੇ ਉੱਚਤਾ ਦੇ ਰੂਪ ਵਜੋਂ ਸਥਾਪਤ ਹੋ ਜਾਂਦਾ ਹੈ। ਸ਼ਹਾਦਤ ਦਾ ਸੰਕਲਪ ਸਿੱਖ ਧਰਮ ਵਿਚ ਇਕ ਨਿਵੇਕਲਾ ਤੇ ਵਿਸ਼ੇਸ ਸਥਾਨ ਰੱਖਦਾ ਹੈ ਜਿਸ ਨੂੰ 'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ' ਕਹਿ ਕੇ ਵਡਿਆਇਆ ਗਿਆ ਹੈ। ਸਿੱਖ ਧਰਮ

[1] *ਪੰਜਾਬੀ ਵਿਸ਼ਵਕੋਸ਼*, ਜਿਲਦ ਤੀਜੀ, ਪੰਨਾ 336

ਵਿਚ ਸ਼ਹਾਦਤ ਬਿਨਾਂ ਕਿਸੇ ਲਾਲਚ ਜਾਂ ਬੇਬਸੀ ਦੇ ਕਿਸੇ ਨੇਕ ਉਦੇਸ਼ ਲਈ ਜਾਂ ਉੱਚ ਅਸੂਲ ਲਈ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਦਿੱਤੀ ਗਈ ਜੀਵਨ ਦੀ ਕੁਰਬਾਨੀ ਹੈ। ਸਿੱਖ ਧਰਮ ਸਾਮੀ (ਪੱਛਮੀ) ਧਰਮਾਂ ਵਾਂਗ ਆਪਣੇ ਧਰਮ ਜਾਂ ਆਪਣੇ ਨਿੱਜ ਲਈ ਸ਼ਹਾਦਤ ਦੇਣ ਦੀ ਪ੍ਰੇਰਨਾ ਨਹੀਂ ਕਰਦਾ ਸਗੋਂ ਇਹ ਦੂਸਰੇ ਦੇ ਹਿੱਤਾਂ ਲਈ ਵੀ ਸ਼ਹੀਦੀ ਦੇਣ ਵਾਲਾ ਧਰਮ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਉਹਨਾਂ ਨੂੰ ਇਸ ਲਾਸਾਨੀ ਸ਼ਹਾਦਤ ਲਈ ਸਤਿਕਾਰ ਨਾਲ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਸ ਸਮੇਂ ਹਿੰਦੂ ਧਰਮ ਨਾਲ ਹੋ ਰਹੇ ਧਾਰਮਿਕ ਅਨਿਆਂ ਅਤੇ ਜ਼ੁਲਮ ਵਿਰੁੱਧ ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਇਹ ਪੱਖ ਸੰਬੰਧੀ ਇਹ ਗੱਲ ਵਿਚਾਰਨ ਯੋਗ ਹੈ ਕਿ ਗੁਰੂ ਸਾਹਿਬ ਕੇਵਲ ਹਿੰਦੂ ਧਰਮ ਦੀ ਚਾਦਰ ਹਨ? ਕੀ ਉਹਨਾਂ ਦਾ ਸਿਧਾਂਤ ਕਿਸੇ ਵਿਸ਼ੇਸ ਧਰਮ ਦੀ ਰੱਖਿਆ ਕਰਨ ਦਾ ਹੈ? ਜਾਪਦਾ ਹੈ ਕਿ 'ਹਿੰਦ ਦੀ ਚਾਦਰ' ਕਹਿ ਕੇ ਅਸੀਂ ਉਹਨਾਂ ਦੀ ਸਖਸ਼ੀਅਤ ਤੇ ਸ਼ਹੀਦੀ ਨੂੰ ਛੋਟਾ ਕਰ ਦਿੰਦੇ ਹਾਂ। ਜੇਕਰ ਇਹ ਜ਼ੁਲਮ ਮੁਸਲਮਾਨਾਂ ਜਾਂ ਦੂਸਰੇ ਧਰਮ 'ਤੇ ਹੁੰਦਾ ਤਾਂ ਵੀ ਉਹਨਾਂ ਨੇ ਕੁਰਬਾਨੀ ਤੋਂ ਪਿੱਛੇ ਨਹੀਂ ਹਟਣਾ ਸੀ। ਇਸ ਕਰਕੇ ਗੁਰੂ ਸਾਹਿਬ ਉਹ ਕਿਸੇ ਵਿਸ਼ੇਸ਼ ਧਰਮ ਦੇ ਰੱਖਿਅਕ ਨਾ ਹੋ ਸਿਰਫ 'ਹਿੰਦ ਦੀ ਚਾਦਰ' ਨਹੀਂ ਸਗੋਂ 'ਸਗਲ ਸ੍ਰਿਸ਼ਟ ਦੀ ਚਾਦਰ' ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਵਿਸ਼ਵ ਵਿਆਪੀ ਰੁਤਬਾ ਪ੍ਰਦਾਨ ਕਰਦੇ ਹੋਏ ਉਹਨਾਂ ਨੂੰ ਸਮੁੱਚੀ ਸ੍ਰਿਸ਼ਟੀ ਦੀ ਚਾਦਰ ਕਹਿ ਕੇ ਸਤਿਕਾਰ ਪ੍ਰਦਾਨ ਕੀਤਾ ਹੈ-

ਪ੍ਰਗਟ ਭਏ ਗੁਰ ਤੇਗ ਬਹਾਦਰ।। ਸਗਲ ਸ੍ਰਿਸਟ ਪੈ ਢਾਪੀ ਚਾਦਰ॥[2]

ਅਸਲ ਅਰਥਾਂ ਵਿਚ ਕਵੀ ਸੈਨਾਪਤਿ ਵਾਂਗ ਗੁਰੂ ਸਾਹਿਬ ਨੂੰ ਕਿਸੇ ਵਿਸ਼ੇਸ਼ ਧਰਮ ਜਾਂ ਵਿਚਾਰ ਤੱਕ ਸੀਮਿਤ ਕਰਨ ਦੀ ਥਾਂ 'ਸ੍ਰਿਸ਼ਟੀ ਦੀ ਚਾਦਰ' ਕਹਿਣਾ ਹੀ ਉਹਨਾਂ ਦੀ ਸ਼ਹਾਦਤ ਦਾ ਅਸਲ ਸਤਿਕਾਰ ਹੈ।

ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਝਣ ਲਈ ਉਹਨਾਂ ਦੀ ਸ਼ਹਾਦਤ ਲਈ ਜ਼ਿੰਮੇਵਾਰ ਕਾਰਨਾਂ, ਉਹਨਾਂ ਦੀ ਗ੍ਰਿਫ਼ਤਾਰੀ, ਔਰੰਗਜ਼ੇਬ ਦੀ ਉਹਨਾਂ ਦੀ ਸ਼ਹਾਦਤ ਸਮੇਂ ਦਿੱਲੀ ਵਿਚ ਮੌਜੂਦਗੀ ਜਾਂ ਗੈਰ ਮੌਜੂਦਗੀ, ਸ਼ਹੀਦੀ ਤੋਂ ਬਾਅਦ ਦੀਆਂ ਘਟਨਾਵਾਂ, ਸ਼ਹੀਦੀ ਦੇ ਪ੍ਰਭਾਵ ਆਦਿ ਇਤਿਹਾਸਕ ਪੱਖਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹਨਾਂ ਪੱਖਾਂ ਸੰਬੰਧੀ ਸਾਡੀ ਰਵਾਇਤ ਵਿਚ ਵੱਖ-ਵੱਖ ਧਾਰਨਾਵਾਂ ਪ੍ਰਚਲਤ ਹਨ ਅਤੇ ਸਾਡੇ ਵਿਦਵਾਨ ਇਤਿਹਾਸਕਾਰ ਇਸ ਸੰਬੰਧੀ ਵੱਖ-ਵੱਖ ਵਿਚਾਰ ਪ੍ਰਗਟ ਕਰਦੇ ਹਨ। ਇਸ ਟ੍ਰੈਕਟ ਵਿਚ ਉਹਨਾਂ ਦੀ ਸ਼ਹੀਦੀ ਨਾਲ ਸੰਬੰਧਤ ਇਹਨਾਂ ਪੱਖਾਂ ਨੂੰ ਭੱਟ ਵਹੀਆਂ, ਭਰੋਸੇਯੋਗ ਸਿੱਖ ਸ੍ਰੋਤ ਗ੍ਰੰਥਾਂ ਅਤੇ ਸਿੱਖ ਵਿਦਵਾਨਾਂ ਦੇ ਆਧਾਰ 'ਤੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਮੁੱਖ ਕਾਰਨ ਔਰੰਗਜ਼ੇਬ ਦਾ ਦਾਰ-ਉਲ-ਇਸਲਾਮ ਦਾ ਸੁਪਨਾ ਸੀ ਜਿਸ ਅਧੀਨ ਉਸ ਨੇ ਗੈਰ ਮੁਸਲਮਾਨਾਂ 'ਤੇ ਸਖ਼ਤਾਈ ਵਾਲੇ ਹੁਕਮ[3] ਲਾਗੂ ਕੀਤੇ ਤਾਂ ਜੋ ਉਹ ਇਸਲਾਮ ਧਰਮ ਧਾਰਣ ਕਰ ਲੈਣ। ਇਤਿਹਾਸਕਾਰਾਂ ਅਨੁਸਾਰ ਉਸਨੇ ਬਹੁਤ ਸਾਰੇ ਹਿੰਦੂ ਮੰਦਿਰ ਦੀਆਂ ਇਮਾਰਤਾਂ ਨੂੰ ਢਾਹਿਆ। 'ਮੁਆਸਿਰੀ ਆਲਮਗਿਰੀ' ਅਨੁਸਾਰ[4] ਔਰੰਗਜ਼ੇਬ ਨੇ ਸਾਰੇ

---

[2] ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪੰਨਾ 65

[3] ਇਸ ਸੰਬੰਧੀ ਹੋਰ ਵਿਸਥਾਰ ਲਈ ਵੇਖੋ ਪ੍ਰਿ. ਸਤਿਬੀਰ ਸਿੰਘ ਕ੍ਰਿਤ *'ਇਤਿ ਜਿਨਿ ਕਰੀ'*, ਪੰਨੇ 147-151

[4] *MAÂSIR-I-ÂLAMGIRI,* SIR JADUNATH SARKAR (Translater), 1947 AD, P. 51-52

ਸੂਬਿਆਂ ਦੇ ਨਾਜ਼ਿਮਾਂ ਨੂੰ ਇਹ ਹੁਕਮ ਭੇਜਿਆ ਕਿ ਉਹ ਕਾਫ਼ਿਰਾਂ ਦੇ ਸਕੂਲਾਂ ਅਤੇ ਮੰਦਰਾਂ ਨੂੰ ਢਾਹ ਦੇਣ ਅਤੇ ਉਹਨਾਂ ਦੀਆਂ ਵਿਦਿਅਕ ਅਤੇ ਧਾਰਮਿਕ ਸਰਗਰਮੀਆਂ ਨੂੰ ਬੰਦ ਕਰ ਦੇਣ। ਅਕਬਰ ਦੁਆਰਾ 1564 ਈ. ਵਿਚ ਬੰਦ ਕੀਤਾ ਜਜ਼ੀਆ ਟੈਕਸ ਉਸਨੇ 1679 ਈ. ਵਿਚ ਮੁੜ ਲਾਗੂ ਕਰ ਦਿੱਤਾ[5] ਅਤੇ ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ। 'ਹਿਸਟਰੀ ਆਫ ਦੀ ਸਿਖਸ' ਦੇ ਕਰਤਾ ਮੁਹੰਮਦ ਲਤੀਫ ਅਨੁਸਾਰ[6] ਉਸ ਨੇ ਸੈਂਕੜੇ ਹੀ ਬ੍ਰਾਹਮਣਾਂ ਨੂੰ ਇਸ ਲਈ ਜੇਲ ਵਿਚ ਪਾ ਦਿੱਤਾ ਕਿ ਜੇਕਰ ਉਹ ਇਸਲਾਮ ਧਰਮ ਧਾਰਨ ਕਰ ਲੈਣ ਤਾਂ ਬਾਕੀ ਹਿੰਦੂ ਆਪਣੇ ਆਪ ਹੀ ਮੁਸਲਮਾਨ ਬਣ ਜਾਣਗੇ। ਔਰੰਗਜ਼ੇਬ ਨੇ ਆਪਣੀ ਇਸ ਕੱਟੜ ਨੀਤੀ ਅਨੁਸਾਰ ਇਫ਼ਤਖ਼ਾਰ ਖ਼ਾਨ[7] ਨੂੰ 1671 ਈ. ਵਿਚ ਕਸ਼ਮੀਰ ਦਾ ਗਵਰਨਰ ਬਣਾਇਆ ਗਿਆ ਜਿਸ ਨੇ ਕਸ਼ਮੀਰੀ ਪੰਡਤਾਂ ਨੂੰ ਇਸਲਾਮ ਵਿਚ ਲਿਆਉਣ ਜਾਂ ਕਤਲ ਕਰਨ ਦਾ ਆਦੇਸ਼ ਜਾਰੀ ਕੀਤਾ। ਇਸ ਸੰਬੰਧ ਵਿਚ ਕਸ਼ਮੀਰੀ ਪੰਡਤਾਂ ਦਾ ਇਕ ਵਫ਼ਦ ਪੰਡਤ ਕ੍ਰਿਪਾ ਰਾਮ[8] ਦੀ ਅਗਵਾਈ ਅਧੀਨ ਜੇਠ ਸੁਦੀ 11, ਸੰਮਤ 1732 (25 ਮਈ, 1675 ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚੱਕ ਨਾਨਕੀ (ਅਨੰਦਪੁਰ ਸਾਹਿਬ) ਪਹੁੰਚ ਕੇ ਸਹਾਇਤਾ ਲਈ ਮਿਲਿਆ। ਇਸ ਸੰਬੰਧੀ ਵੇਰਵਾ ਗੁਰੂ ਕੀਆਂ

[5] En.m.wikipedia.org/wiki/jizya

[6] ਮੁਹੰਮਦ ਲਤੀਫ, *ਹਿਸਟਰੀ ਆਫ ਦੀ ਸਿਖਸ* ਉਧਰਿਤ *ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ*, ਤਾਰਨ ਸਿੰਘ (ਸੰਪਾ.), ਪੰਨਾ 237

[7] ਭਾਈ ਸੰਤੋਖ ਸਿੰਘ ਨੇ ਇਸ ਦਾ ਨਾਂ ਸ਼ੇਰ ਅਫਗਾਨ ਖਾਂ ਲਿਖਿਆ ਹੈ (ਰਾਸ 12, ਅੰਸੂ 27) ਜੋ ਕਿ ਇਤਿਹਾਸਕਾਰਾਂ ਅਨੁਸਾਰ ਇਸ ਨੂੰ ਔਰੰਗਜ਼ੇਬ ਦੁਆਰਾ ਦਿੱਤੀ ਗਈ ਉਪਾਧੀ ਦਾ ਨਾਮ ਹੈ।

[8] ਕ੍ਰਿਪਾ ਰਾਮ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਵੀ ਰਿਹਾ ਤੇ ਮੋਹਰੀ ਸਿੱਖਾਂ ਵਿਚ ਹੋ ਕੇ ਮਹੱਤਵਪੂਰਣ ਯੋਗਦਾਨ ਦਿੰਦਾ ਰਿਹਾ। ਇਹੋ ਕ੍ਰਿਪਾ ਰਾਮ ਅੰਮ੍ਰਿਤ ਛਕ ਕੇ ਕ੍ਰਿਪਾ ਸਿੰਘ ਬਣਿਆ ਤੇ ਚਮਕੌਰ ਦੇ ਯੁੱਧ ਵਿਚ ਸ਼ਹੀਦੀ ਪ੍ਰਾਪਤ ਕੀਤੀ। (*ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ*, ਤਾਰਨ ਸਿੰਘ (ਸੰਪਾ.), ਪੰਨਾ 201, ਪਿਆਰਾ ਸਿੰਘ ਪਦਮ ਦੇ ਲੇਖ ਵਿਚੋਂ)

ਸਾਖੀਆਂ[9] ਅਤੇ ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ ਤੋਂ ਇਸ ਪ੍ਰਕਾਰ ਮਿਲਦਾ ਹੈ-

"ਕ੍ਰਿਪਾ ਰਾਮ ਬੇਟਾ ਅੜੂ ਰਾਮ ਦਾ ਪੋਤਾ ਨਰੈਣ ਦਾਸ ਦਾ ਪੜਪੋਤਾ ਬ੍ਰਹਮ ਦਾਸ ਦਾ ਬੰਸ ਠਾਕਰ ਦਾਸ ਕੀ ਭਾਰਦਵਾਜੀ ਗੋਤ੍ਰਾ- ਸਾਰਸੁਤ ਦੱਤ ਬ੍ਰਾਹਮਨ ਬਾਸੀ ਮਟਨ ਪ੍ਰਗਨਾ ਸ੍ਰੀ ਨਗਰ- ਦੇਸ਼ ਕਸ਼ਮੀਰ ਖੋੜਸ ਮੁਖੀ ਕਸ਼ਮੀਰੀ ਬ੍ਰਾਹਮਨੋਂ ਕੋ ਸੰਗ ਲੈ ਕੇ ਚੱਕ ਨਾਨਕੀ ਆਇਆ ਪਰਗਨਾ ਕਹਿਲੂਰ ਮੈ ਸੰਮਤ ਸਤਰਾਂ ਸੈ ਬਤੀਸ ਜੇਠ ਮਾਸ ਸੁਦੀ ਇਕਾਦਸੀ ਕੇ ਦਿਹੁੰ। ਗੁਰੂ ਤੇਗ ਬਹਾਦਰ ਮਹਲ ਨਾਮਾਂ.........ਨੇ ਇਨੇ ਧੀਰਜ ਦਈ।"[10]

ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਧਰਮ ਹੇਤਿ ਸਾਕਾ ਜਿਨਿ ਕੀਆ' ਲਿਖ ਕੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਧਰਮ ਦੀ ਰੱਖਿਆ ਲਈ ਹੋਈ ਸੀ ਨਾ ਕਿ ਕਿਸੇ ਰਾਜਨੀਤਿਕ ਕਰਕੇ। ਉਪਰੋਕਤ ਗਵਾਹੀਆਂ ਵਿਚੋਂ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਸਪੱਸ਼ਟ ਹੋਣ ਦੇ ਬਾਵਜੂਦ ਵੀ ਮੰਨੇ-ਪ੍ਰਮੰਨੇ ਸਿੱਖ ਇਤਿਹਾਸਕਾਰ ਡਾ. ਫ਼ੌਜਾ ਸਿੰਘ ਨੇ ਗੁਲਾਮ ਹੁਸੈਨ ਦੀ ਕ੍ਰਿਤ *'ਸੀਅਰ-ਉਲ-ਮੁਤਾਖ਼ਰੀਨ'*[11] ਵਰਗੀ ਅਭਰੋਸੇਯੋਗ ਰਚਨਾ ਨੂੰ ਆਧਾਰ ਬਣਾ ਕੇ ਇਹ ਸਾਬਿਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਦੇ ਰਾਜ ਵਿਚ ਰਾਜਨੀਤਿਕ ਗੜਬੜ ਪੈਦਾ ਕਰਨ ਦੀ ਰਾਜਨੀਤਿਕ ਸਜ਼ਾ ਦਿੱਤੀ ਗਈ ਸੀ। ਇਸ ਗੱਲ ਦਾ ਆਧਾਰ

---

[9] *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨੇ 78-79

[10] *ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨੇ 85-86

[11] ਪਰਸੀਅਨ ਭਾਸ਼ਾ ਵਾਲੀ ਇਸ ਲਿਖਤ ਨੂੰ ਸੰਨ 1786 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ ਜਿਸ ਦਾ ਅੰਗਰੇਜੀ ਅਨੁਵਾਦ ਮਦਰਾਸ ਸੈਨਾ ਦੇ ਲੈਫ. ਕਨਰਲ JOHN BRIGGS ਦੁਆਰਾ 1831 ਈ. ਵਿਚ ਕੀਤਾ ਗਿਆ। ਇਸ ਅਨੁਵਾਦ ਦਾ ਪ੍ਰਿੰਟ ORIENTEL TRANSLATION FUND OF GREAT BRITAIN AND IRELAND, LONDON ਨੇ ਕੀਤਾ।

ਡਾ. ਫ਼ੌਜਾ ਸਿੰਘ ਨੇ ਮੀਰ ਗੁਲਾਮ ਹੁਸੈਨ ਖਾਨ ਦੀ ਲਿਖਤ *'ਸੀਅਰ-ਉਲ-ਮੁਤਾਖ਼ਰੀਨ'* ਦੇ ਅੰਗਰੇਜ਼ੀ ਅਨੁਵਾਦ ਨੂੰ ਬਣਾਇਆ ਜਿਸ ਦਾ ਕੁਝ ਹਿੱਸਾ ਇਸ ਪ੍ਰਕਾਰ ਹੈ-

"The Ninth in Succession from Angad was one Teg Bahadur, who drew multitude after him, all of whom, as well as their leader, used to go armed. Finding himself at the head of so many thousand people, he aspired to Sovereignty and united himself to one Adam Hafiz, a Mussulman dervish of the Fraternity of Shah Ahmed Serhindy. These two Person no sooner saw themselves at the head of many followers they began to plunder and to lay waste the whole Province of Penjab; For Whilst Teg Bhadur levied contributions on Hindus, Hafiz Adam did the same upon the Mussulmans……Some time after this, Teg Bahadur suffered death; and his body being cut into four quarters, was expored at the four gates of the fortress of Gwaliar." [12]

ਇਸ ਅਨੁਵਾਦ ਨੂੰ ਪੜ੍ਹ ਕੇ ਪਾਠਕ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ ਇਸ ਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਦਮ ਹਾਫਿਜ[13] ਨਾਲ ਮਿਲ ਕੇ ਲੋਕਾਂ ਕੋਲੋਂ ਜਬਰਦਸਤੀ ਧਨ ਇੱਕਠਾ ਕਰਨ, ਧੀਆਂ ਭੈਣਾਂ ਦੀ ਬੇਪਤੀ ਕਰਨ ਅਤੇ ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਦੇ ਸਰੀਰ ਦੇ ਚਾਰ ਹਿੱਸੇ ਕਰਕੇ ਗਵਾਲੀਅਰ ਦੇ ਕਿਲ੍ਹੇ ਦੇ ਚਾਰ ਗੇਟਾਂ ਤੇ ਲਟਕਾਉਣ ਵਾਲੀ ਗੱਲ, ਇਤਿਹਾਸਕ ਪ੍ਰਮਾਣਿਕਤਾ ਦੇ ਨੇੜੇ-ਤੇੜੇ ਵੀ ਨਹੀਂ ਪ੍ਰੰਤੂ ਫਿਰ ਵੀ ਡਾ. ਫ਼ੌਜਾ ਸਿੰਘ ਨੇ ਇਸੇ

---

[12] MIR GHOLAM HUSSAIN KHAN, *SIYAR-UL-MUTAKHREEN*, Collacted and Revised by JOHN BRIGGS, 1831 AD, P. 112-113

[13] ਡਾ. ਗੰਡਾ ਸਿੰਘ ਅਨੁਸਾਰ ਹਾਫਿਜ ਆਦਮ ਦੀ ਮੌਤ ਗੁਰੂ ਜੀ ਦੇ ਗੁਰਗੱਦੀ 'ਤੇ ਬੈਠਣ ਤੋਂ 21 ਸਾਲ ਪਹਿਲਾਂ (ਦਸੰਬਰ, 1643 ਈ. ਵਿਚ) ਹੀ ਚੁੱਕੀ ਸੀ ਜਿਸ ਨੂੰ ਸ਼ਾਹਜਹਾਂ ਦੁਆਰਾ ਦੇਸ਼ ਨਿਕਾਲਾ ਦੇ ਕੇ ਮੱਕੇ ਭੇਜਿਆ ਗਿਆ ਸੀ ਨਾ ਕਿ ਔਰੰਗਜ਼ੇਬ ਦੁਆਰਾ। ਇਸ ਲਈ ਗੁਰੂ ਤੇਗ ਬਹਾਦਰ ਜੀ ਦੁਆਰਾ ਉਸ ਨਾਲ ਮਿਲ ਕੇ ਜਬਰੀ ਧਨ ਇਕੱਠਾ ਕਰਨ ਵਾਲੀ ਉੱਕਾ ਹੀ ਨਿਰਮੂਲ ਹੈ। (*ਗੁਰੂ ਤੇਗ ਬਹਾਦਰ ਸਿਮ੍ਰਿਤੀ ਅੰਕ*, 1975, ਪੰਨਾ 40)

ਲਿਖਤ ਨੂੰ ਮਹੱਤਵਪੂਰਨ ਇਤਿਹਾਸਕਤਾ ਪ੍ਰਦਾਨ ਕਰਦੇ ਹੋਏ*'Execution of Guru Teg Bhadur-A New Look'* [14] ਦੇ ਸਿਰਲੇਖ ਹੇਠ ਇਕ ਲੇਖ ਛਪਵਾਇਆ ਜਿਸ ਨੂੰ ਪੜ੍ਹ ਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਮੁਗ਼ਲ ਹਕੂਮਤ ਵੱਲੋਂ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਵਾਈਟ ਪੇਪਰ ਲਿਖ ਰਹੇ ਹੋਣ। ਇਸ ਲੇਖ ਨੂੰ ਪੜ੍ਹ ਕੇ ਇਹ ਵਿਚਾਰ ਸਾਹਮਣੇ ਆਉਂਦਾ ਹੈ ਕਿ ਗੁਰੂ ਜੀ ਦੀ ਸ਼ਹੀਦੀ ਦਾ ਕੋਈ ਧਾਰਮਿਕ ਕਾਰਨ ਨਹੀਂ ਸੀ ਸਗੋਂ ਉਹ ਮੁਗ਼ਲ ਹਕੂਮਤ ਦੇ ਰਾਜਨੀਤਿਕ ਦੋਸ਼ੀ ਸਨ ਜਿਨ੍ਹਾਂ ਨੂੰ ਉਸ ਸਮੇਂ ਦੇ ਕਾਨੂੰਨ ਅਨੁਸਾਰ ਮੌਤ ਦੀ ਸਜ਼ਾ ਦਿੱਤੀ ਗਈ। ਇਸ ਲੇਖ ਸੰਬੰਧੀ ਇਕ ਗੱਲ ਹੋਰ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਹ ਲੇਖ, ਡਾ. ਫ਼ੌਜਾ ਸਿੰਘ ਦੀਆਂ ਆਪਣੀਆਂ ਪਹਿਲੀਆਂ ਲਿਖਤਾਂ ਦੇ ਵਿਚਾਰਾਂ ਨਾਲੋਂ ਕਈ ਪੱਖਾਂ ਤੋਂ ਬਿਲਕੁਲ ਉਲਟ ਸੀ। ਉਦਾਹਰਣ ਵਜੋਂ ਉਹਨਾਂ ਨੇ ਆਪਣੀ ਲਿਖਤਾਂ ਵਿਚ ਔਰੰਗਜ਼ੇਬ ਨੂੰ ਹਿੰਦੂ ਧਰਮ ਦਾ ਵਿਰੋਧੀ[15], ਕਸ਼ਮੀਰੀ ਪੰਡਤਾਂ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਉਣਾ[16], ਧਰਮ ਦੇ ਅਧਿਕਾਰਾਂ ਦੀ ਆਜ਼ਾਦੀ ਲਈ ਗੁਰੂ ਸਾਹਿਬ ਦੀ ਸ਼ਹੀਦੀ ਹੋਣਾ[17] ਆਦਿ ਤੱਥਾਂ ਨੂੰ ਹਵਾਲਿਆਂ ਸਹਿਤ ਪ੍ਰਮਾਣਿਤ ਕੀਤਾ ਹੈ ਪ੍ਰੰਤੂ ਇਸ ਲੇਖ ਵਿਚ ਔਰੰਗਜ਼ੇਬ ਹਿੰਦੂ ਧਰਮ ਦਾ ਵਿਰੋਧੀ ਨਾ ਰਿਹਾ[18], ਕਸ਼ਮੀਰੀ ਪੰਡਤਾਂ ਵਾਲੀ ਘਟਨਾ 'ਤੇ ਕਿੰਤੂ ਪ੍ਰੰਤੂ[19] ਅਤੇ ਗੁਰੂ ਸਾਹਿਬ ਦੀ ਸ਼ਹੀਦੀ ਦਾ ਸਿਆਸੀ ਸਜ਼ਾ ਵਿਚ ਬਦਲ ਜਾਣਾ[20] ਉਹਨਾਂ ਦੇ ਇਸ ਲੇਖ ਬਾਰੇ ਦੁਬਿਧਾ ਪੈਦਾ ਕਰਦੇ ਹਨ। ਇਸੇ ਪ੍ਰਕਾਰ ਦੇ ਵਿਚਾਰਾਂ

---

[14] *JOURNAL OF SIKH STUDIES,* Vol.I, no. 1, February 1974, P. 79-89

[15] ਫ਼ੌਜਾ ਸਿੰਘ ਅਤੇ ਤਾਰਨ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ,* ਪੰਨੇ 58-66

[16] ਉਹੀ, ਪੰਨਾ 78

[17] ਉਹੀ, ਪੰਨੇ 95-98

[18] *JOURNAL OF SIKH STUDIES,* Vol.I, no. 1, February 1974, P. 81

[19] ਉਹੀ।

[20] ਉਹੀ, P. 87-89

ਦੀ ਪ੍ਰੋੜ੍ਹਤਾ ਕਰਨ ਵਾਲਾ ਇਕ ਹੋਰ ਲੇਖ *'The Martyardom of Guru Tegh Bhadur'*[21] ਦੇ ਸਿਰਲੇਖ ਹੇਠ ਵੀ ਡਾ. ਫ਼ੌਜਾ ਸਿੰਘ ਵਲੋਂ ਛਪਵਾਇਆ ਗਿਆ। ਇਸ ਤਰ੍ਹਾਂ ਦੀਆਂ ਗੈਰ-ਸਿਧਾਂਤਕ ਅਤੇ ਗੈਰ-ਇਤਿਹਾਸਕ ਗੱਲਾਂ ਗੁਰੂ ਸਾਹਿਬ ਦੀ ਸ਼ਹਾਦਤ ਦੇ ਨਾਲ-ਨਾਲ ਉਹਨਾਂ ਦੀ ਰੂਹਾਨੀ ਸਖਸ਼ੀਅਤ 'ਤੇ ਵੀ ਸਿੱਧਾ ਹਮਲਾ ਸਨ ਜਿਸ ਦਾ ਉਸ ਸਮੇਂ ਦੀ ਸਿੱਖ ਅਕਾਦਮਿਕਤਾ ਵੱਲੋਂ ਬੜਾ ਤਿੱਖਾ ਵਿਰੋਧ ਹੋਇਆ। ਪ੍ਰੋਫ਼ੈਸਰ ਆਫ ਸਿੱਖਇਜਮ ਸਿਰਦਾਰ ਕਪੂਰ ਸਿੰਘ ਨੇ ਇਹਨਾਂ ਗੱਲਾਂ ਦਾ ਜਵਾਬ ਆਪਣੇ ਲੇਖਾਂ '*ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਅਤੇ ਨਵੀਨ ਸਿੱਖਾਂ ਦੀ ਕੁਚੇਸ਼ਟਾ*'[22] ਅਤੇ '*Who Killed Guru Teg Bhadur?*[23] ਆਦਿ ਲੇਖਾਂ ਵਿਚ ਬੜੇ ਦਲੀਲਪੂਰਨ ਢੰਗ ਅਤੇ ਸਖ਼ਤ ਸ਼ਬਦਾਂ ਵਿਚ ਦਿੱਤਾ। ਉਹਨਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੈਨੇਟ ਹਾਲ ਵਿਚ ਪੇਪਰ ਪੜ੍ਹ ਕੇ[24] ਡਾ. ਫ਼ੌਜਾ ਸਿੰਘ ਦੀਆਂ ਦਲੀਲਾਂ ਨੂੰ ਰੱਦ ਕੀਤਾ ਅਤੇ ਡਾ. ਗੰਡਾ ਸਿੰਘ ਦੇ ਸਵਾਲਾਂ ਦਾ ਜਵਾਬ ਦੇ ਕੇ ਉਹਨਾਂ ਨੂੰ ਸੰਤੁਸ਼ਟ ਕੀਤਾ।[25] ਸਿੱਖ ਵਿਸ਼ਵਾਸ਼ ਅਤੇ ਸਿੱਖ ਸਿਧਾਂਤਾਂ 'ਤੇ ਕਿੰਤੂ ਕਰਨ ਵਾਲੇ ਇਸ ਪ੍ਰਕਾਰ ਦੇ ਵਿਚਾਰਾਂ ਦੇ ਸੰਬੰਧ ਵਿਚ ਡਾ. ਫ਼ੌਜਾ ਸਿੰਘ ਨੂੰ ਆਖਰਕਾਰ ਅਕਾਲ ਤਖਤ ਸਾਹਿਬ ਪਾਸੋਂ ਮਾਫੀ ਮੰਗ ਕੇ ਪੰਥ ਦੇ ਗੁੱਸੇ ਨੂੰ ਸ਼ਾਂਤ ਕਰਨਾ ਪਿਆ।[26]

ਡਾ. ਫੌਜਾ ਸਿੰਘ ਦੁਆਰਾ ਆਪਣੀਆਂ ਲਿਖਤਾਂ ਦਾ ਆਧਾਰ ਬਣਾਉਣ ਵਾਲੀ ਲਿਖਤ *'ਸੀਅਰ-ਉਲ-ਮੁਤਾਖ਼ਰੀਨ'* ਦੇ ਇਸ ਅਨੁਵਾਦ ਨੂੰ ਇਤਿਹਾਸਕਾਰ

---

[21] *THE PUJAB PAST AND PRERENT*, VOL. IX-I, April 1975, P. 137-157

[22] *ਮਾਨਸਰੋਵਰ* (ਵੀਕਲੀ), 7-14 ਦਸੰਬਰ, 1975, ਪੰਨੇ 32-34

[23] *THE SIKH REVIEW,* January 1976, P. 104 (i)- 104(xii)

[24] ਸਿਰਦਾਰ ਕਪੂਰ ਸਿੰਘ ਦੁਆਰਾ ਇਹ ਪੇਪਰ 5 ਜਨਵਰੀ, 1976 ਨੂੰ ਪੜ੍ਹਿਆ ਗਿਆ।

[25] ਹਰਪਾਲ ਸਿੰਘ ਪੰਨੂ, *ਸਵੇਰ ਤੋਂ ਸ਼ਾਮ ਤੱਕ*, ਪੰਨਾ 137

[26] ਉਹੀ।

ਡਾ. ਗੰਡਾ ਸਿੰਘ ਇਤਿਹਾਸਕ ਭੁੱਲ ਅਤੇ ਸਥਿਤੀ ਨੂੰ ਵਿਗਾੜ ਦੇਣ ਵਾਲਾ ਕਹਿੰਦੇ ਹੋਏ ਲਿਖਦੇ ਹਨ- *“These Translation run quite wide of the mark and have come to do great injustice to the subject they deal. This is Particulry the case with the account of Sikhs where the author’s anachoronisem has also conspired with the translation to worse the situation.”* [27] ਉਹਨਾਂ ਨੇ ਇਸ ਗੱਲ ਨੂੰ ਵੀ ਪ੍ਰਮਾਣਿਤ[28] ਕੀਤਾ ਕਿ ਇਸ ਦਾ ਫ਼ਾਰਸੀ ਤੋਂ ਅੰਗਰੇਜੀ ਅਨੁਵਾਦ ਕਰਨ ਵੇਲੇ ਬਹੁਤ ਸਾਰੀਆਂ ਗਲਤੀਆਂ ਹੋਈਆਂ ਹਨ ਜਿਨ੍ਹਾਂ ਨੂੰ ਠੀਕ ਕਰ ਕੇ ਉਹਨਾਂ ਨੇ ਸਹੀ ਅਨੁਵਾਦ ਪਾਠਕਾਂ ਸਾਹਮਣੇ ਪ੍ਰਸਤੁਤ ਕੀਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਲਿਖੇ ਗਏ ਗੁਲਾਮ ਹੁਸੈਨ ਦੇ ਅਜਿਹੇ ਵਿਚਾਰਾਂ ਬਾਰੇ ਮੈਕਾਲਫ ਲਿਖਦਾ ਹੈ- “ਮੁਸਲਮਾਨ ਲੇਖਕ ਦੇ ਬਿਆਨ ਕੀਤੇ ਹੋਏ ਸਮਾਚਾਰ ਗੁਰੂ ਜੀ ਦੇ ਜੀਵਨ ਅਤੇ ਉਹਨਾਂ ਦੀ ਬਾਣੀ ਨਾਲ ਉੱਕਾ ਹੀ ਮੇਲ ਨਹੀਂ ਖਾਂਦੇ ਅਤੇ ਇਹਨਾਂ ਨੂੰ ਇਤਿਹਾਸ ਸਮਝ ਕੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ।”[29] ‘ਸੀਅਰ-ਉਲ-ਮੁਤਾਖ਼ਰੀਨ’ ਨਾਮਕ ਇਸ ਲਿਖਤ ਤੋਂ ਇਲਾਵਾ ਡਾ. ਫ਼ੌਜਾ ਸਿੰਘ ਵੱਲੋਂ *‘ਮੁਆਸਿਰੀ ਆਲਮਗਿਰੀ’* ਨਾਮਕ ਲਿਖਤ ਰਾਹੀਂ ਸਿੱਖ ਸ੍ਰੋਤ ਗ੍ਰੰਥਾਂ ਨੂੰ ਅਣਗੋਲਿਆ ਕਰ ਕੇ, ਸ਼ਹੀਦੀ ਸਮੇਂ ਔਰੰਗਜ਼ੇਬ ਦੀ ਦਿੱਲੀ ਵਿਚ ਗੈਰ-ਮੌਜੂਦਗੀ ਵੀ ਦਰਸਾਈ ਗਈ ਜਿਸ ਸੰਬੰਧੀ ਵਿਚਾਰ ਲੇਖ ਵਿਚ ਅੱਗੇ ਜਾ ਕੇ ਕੀਤੀ ਜਾਵੇਗੀ।

ਇਸ ਤੋਂ ਅਗਲਾ ਪੱਖ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਦੇ ਸਥਾਨ ਸੰਬੰਧੀ ਹੈ ਕਿ ਉਹਨਾਂ ਦੀ ਗ੍ਰਿਫ਼ਤਾਰੀ ਕਿਸ ਸਥਾਨ ਤੋਂ ਹੋਈ। ਜੇਕਰ

---

[27] ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ-ਦਸੰਬਰ 1975, ਪੰਨਾ 95

[28] ਉਹੀ।

[29] Macauliffe, Max Arthur, *The Sikh Religion: Its Gurus, sacred Writings and Authors*, Vol.iv, P.332 ਉਧਰਿਤ ਇੰਦੂਭੂਸ਼ਣ ਬੈਨਰਜੀ, *ਖਾਲਸੇ ਦੀ ਉਤਪਤੀ*, ਭਾਗ ਦੂਜਾ, ਪੰਨਾ 62

ਅਸੀਂ ਇਤਿਹਾਸਕ ਸ੍ਰੋਤਾਂ ਵਿਚੋਂ ਉਹਨਾਂ ਦੀ ਗ੍ਰਿਫ਼ਤਾਰੀ ਲੱਭਣ ਦਾ ਯਤਨ ਕਰਦੇ ਹਾਂ ਤਾਂ ਤਿੰਨ ਗ੍ਰਿਫ਼ਤਾਰੀਆਂ ਸਾਹਮਣੇ ਆਉਂਦੀਆਂ ਹਨ। ਭੱਟ ਵਹੀ ਜਾਦੋਬੰਸੀਆ[30] ਅਤੇ ਗੁਰੂ ਕੀਆਂ ਸਾਖੀਆਂ[31] ਅਨੁਸਾਰ ਗੁਰੂ ਸਾਹਿਬ ਦੀ ਪਹਿਲੀ ਗ੍ਰਿਫ਼ਤਾਰੀ ਕੱਤਕ ਸੁਦੀ 11, 1722 ਬਿਕਰਮੀ (1665 ਈ.) ਨੂੰ ਧਮਤਾਨ ਸਾਹਿਬ (ਮੌਜੂਦਾ ਸਮੇਂ ਵਿਚ ਹਰਿਆਣਾ ਪ੍ਰਾਂਤ ਦਾ ਹਿੱਸਾ) ਨਾਮ ਦੇ ਸਥਾਨ ਹੋਈ। ਇਸ ਤੋਂ ਇਲਾਵਾ ਦੋ ਹੋਰ ਗ੍ਰਿਫ਼ਤਾਰੀਆਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਦਾ ਸੰਬੰਧ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਪਹਿਲਾਂ ਵਾਲੀ ਗ੍ਰਿਫ਼ਤਾਰੀ ਨਾਲ ਜੋੜਿਆ ਜਾਂਦਾ ਹੈ। ਭਾਈ ਸੰਤੋਖ ਸਿੰਘ[32] ਅਤੇ ਗਿਆਨੀ ਗਿਆਨ ਸਿੰਘ[33] ਅਨੁਸਾਰ ਗੁਰੂ ਸਾਹਿਬ ਨੂੰ ਸ਼ਹੀਦੀ ਤੋਂ ਪਹਿਲਾਂ ਆਗਰੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਜਿੱਥੇ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਅਨੋਖੇ ਢੰਗ[34] ਨਾਲ ਪ੍ਰਗਟ ਕੀਤਾ। ਕੁੱਝ ਇਤਿਹਾਸਕਾਰਾਂ (ਸੁੱਖਾ ਸਿੰਘ ਅਤੇ ਕੋਇਰ ਸਿੰਘ) ਨੇ ਆਗਰੇ ਦੀ ਥਾਂ ਦਿੱਲੀ ਦਾ ਵੀ ਜ਼ਿਕਰ ਕੀਤਾ ਹੈ। ਦੂਸਰੇ ਮਤ ਅਨੁਸਾਰ ਗੁਰੂ ਸਾਹਿਬ ਨੂੰ 12 ਜੁਲਾਈ, 1675 ਈ. ਨੂੰ ਰੋਪੜ ਦੇ ਨੇੜੇ ਮਲਕਪੁਰ ਰੰਘੜਾਂ ਨਾਮਕ ਸਥਾਨ ਤੋਂ ਗ੍ਰਿਫ਼ਤਾਰ ਕਰ ਕੇ ਸਰਹਿੰਦ ਵਿਚ ਕੈਦ ਰੱਖਣ ਤੋਂ ਬਾਅਦ ਦਿੱਲੀ ਭੇਜਿਆ ਗਿਆ। ਭੱਟ ਵਹੀ ਤਲਉਂਡਾ ਅਨੁਸਾਰ[35] ਗੁਰੂ ਜੀ 10/11 ਜੁਲਾਈ, 1675 ਈ. ਨੂੰ ਗੋਬਿੰਦ ਰਾਇ

---

[30] *ਭੱਟ ਵਹੀ ਜਾਦੋਬੰਸੀਆਂ, ਖਾਤਾ ਕਨਾਵਤ ਬੜਤੀਓਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨੇ 83-84

[31] *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨੇ 73-74

[32] ਔਲਖ, ਅਜੀਤ ਸਿੰਘ, ਡਾ. (ਅਨੁ.), *ਸ੍ਰੀ ਗੁਰ ਪ੍ਰਤਾਪ ਗ੍ਰੰਥ ਸਟੀਕ, ਜਿਲਦ ਅਠਵੀਂ*, ਪੰਨੇ 625-630

[33] *ਤਵਾਰੀਖ਼ ਗੁਰੂ ਖਾਲਸਾ*, ਪੰਨੇ 59-60

[34] ਸਿੱਖ ਸ੍ਰੋਤਾਂ ਅਨੁਸਾਰ ਗੁਰੂ ਜੀ ਨੇ ਆਗਰੇ ਦੇ ਇਕ ਬਾਗ ਵਿਚੋਂ ਹਸਨ ਅਲੀ ਨਾਮਕ ਮੁਸਮਲਾਨ ਆਜੜੀ ਨੂੰ ਮਿਠਾਈ ਖਰੀਦਣ ਲਈ ਕੀਮਤੀ ਦੁਸ਼ਾਲਾ ਤੇ ਕੀਮਤੀ ਅੰਗੂਠੀ ਦੇ ਕੇ ਮੁਗ਼ਲ ਫੌਜਾਂ ਨੂੰ ਬਾਗ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਵਾ ਕੇ ਗ੍ਰਿਫ਼ਤਾਰੀ ਦਿੱਤੀ।

[35] *ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨਾ 86

ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਗੁਰਿਆਈ ਦਾ ਟਿੱਕਾ ਦੇ ਕੇ ਦਿੱਲੀ ਵੱਲ ਰਵਾਨਾ ਹੋਏ ਜਿਸ ਤੋਂ ਬਾਅਦ ਉਹਨਾਂ ਨੂੰ ਰੋਪੜ ਦੇ ਲਾਗਿਓਂ ਗ੍ਰਿਫ਼ਤਾਰ ਕਰ ਲਿਆ। ਇਸ ਦਾ ਜ਼ਿਕਰ ਭੱਟ ਵਹੀ ਮੁਲਤਾਨੀ ਸਿੰਧੀ ਵਿਚ ਇਸ ਪ੍ਰਕਾਰ ਪ੍ਰਾਪਤ ਹੁੰਦਾ ਹੈ-

"ਗੁਰੂ ਤੇਗ ਬਹਾਦਰ ਜੀ ਮਹਿਲ ਨਾਮਾ......ਕੋ ਨੂਰ ਮੁਹੰਮਦ ਖਾਂ ਮਿਰਜਾ ਚਉਕੀ ਰੋਪੜ ਵਾਲੇ ਨੇ ਸਾਲ ਸਤਰਾ ਸੇ ਬੱਤੀਸ ਸਾਵਣ ਪਰਵਿਸ਼ਟੇ ਬਾਰਾਂ ਕੇ ਦਿਹੁ ਗਾਉਂ ਮਲਕਪੁਰ ਰੰਘੜਾ ਪ੍ਰਗਨਾ ਘਨੋਲਾ ਸੇ ਪਕੜ ਕੇ ਸਰਹੰਦ ਪੁੰਚਾਇਆ। ਗੈਲੋ ਦੀਵਾਨ ਮਤੀ ਦਾਸ, ਸਤੀ ਦਾਸ ਬੇਟਾ ਹੀਰਾ ਮਲ ਛਿਬਰ ਕੇ, ਗੈਲ ਦਿਆਲ ਦਾਸ ਬੇਟਾ ਮਾਈ ਦਾਸ ਬਲਉਂਡ ਦਾ ਪਕੜਿਆ ਆਇਆ। ਗੁਰੂ ਜੀ ਚਾਰ ਮਾਸ ਬੱਸੀ ਪਠਾਨਾਂ ਕੇ ਬੰਦੀਖਾਨੇ ਬੰਦ ਰਹੇ, ਆਠ ਦਿਵਸ ਦਿੱਲੀ ਕੋਤਵਾਲੀ ਮੇਂ ਬੰਦ ਰਾਖੇ।" [36]

ਕੇਸਰ ਸਿੰਘ ਛਿੱਬਰ[37] ਨੇ ਵੀ ਭੱਟ ਵਹੀਆਂ ਵਾਲੇ ਵਿਚਾਰ ਦੀ ਹੀ ਪੁਸ਼ਟੀ ਕੀਤੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਗੁਰੂ ਸਾਹਿਬ ਦੀ ਸ਼ਹੀਦੀ ਵਾਲੀ ਗ੍ਰਿਫ਼ਤਾਰੀ ਮਲਕਪੁਰ ਰੰਘੜਾ ਤੋਂ ਹੋਈ ਜਾਂ ਆਗਰੇ ਤੋਂ? ਅਸੀਂ ਸਿੱਖ ਸ੍ਰੋਤ ਗ੍ਰੰਥਾਂ ਦੇ ਆਧਾਰ 'ਤੇ ਬਣੇ ਹੋਏ ਆਗਰੇ ਦੀ ਗ੍ਰਿਫ਼ਤਾਰੀ ਵਾਲੇ ਵਿਚਾਰ ਨੂੰ ਵੀ ਐਨੇ ਸੌਖੇ ਤਰੀਕੇ ਨਾਲ ਰੱਦ ਨਹੀਂ ਕਰ ਸਕਦੇ ਤੇ ਨਾ ਹੀ ਭੱਟ ਵਹੀਆਂ ਦੀ ਇਤਿਹਾਸਕ ਪ੍ਰਮਾਣਿਕਤਾ ਨੂੰ ਅੱਖੋਂ ਓਹਲੇ ਕੀਤਾ ਜਾ ਸਕਦਾ ਹੈ। ਇਹਨਾਂ ਦੋਵਾਂ ਵਿਚਾਰਾਂ ਦੇ ਆਧਾਰ 'ਤੇ ਜੇਕਰ ਅਸੀਂ ਇਹ ਮੰਨ ਲਈਏ ਕਿ ਪਹਿਲੀ ਗ੍ਰਿਫ਼ਤਾਰੀ ਤੋਂ ਇਲਾਵਾ ਗੁਰੂ ਸਾਹਿਬ ਦੀਆਂ ਦੋ ਹੋਰ ਗ੍ਰਿਫ਼ਤਾਰੀਆਂ ਹੋਈਆਂ ਤਾਂ

---

[36] *ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 86

[37] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਰਤਨ ਸਿੰਘ ਜੱਗੀ,ਡਾ. (ਸੰਪਾ.), ਪੰਨਾ 116

ਜ਼ਿਆਦਾ ਗਲਤ ਨਹੀਂ ਹੋਵੇਗਾ, ਬੱਸ ਇਹਨਾਂ ਦੇ ਸਮੇਂ ਅਤੇ ਘਟਨਾ ਕ੍ਰਮ ਨੂੰ ਸਮਝਣ ਦੀ ਜ਼ਰੂਰਤ ਹੈ। ਮਲਕਪੁਰ ਰੰਘੜਾਂ ਦੀ ਗ੍ਰਿਫ਼ਤਾਰੀ ਨੂੰ ਪ੍ਰਿੰ. ਸਤਿਬੀਰ ਸਿੰਘ ਨੇ[38] ਮੁਗ਼ਲ ਹਕੂਮਤ ਦੁਆਰਾ ਦਿੱਤੀ ਗਈ ਚੇਤਾਵਨੀ ਕਿਹਾ ਹੈ ਜਿਸ ਤੋਂ ਬਾਅਦ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਰਘਬੀਰ ਸਿੰਘ ਅਨੰਦਪੁਰੀ[39] ਨੇ ਮਲਕਪੁਰ ਰੰਘੜਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਸਾਹਿਬ ਦੀ ਰਿਹਾਈ ਵਾਲਾ ਵਿਚਾਰ ਦਿੰਦੇ ਹੋਏ ਇਸ ਦੇ ਦੋ ਕਾਰਨ ਦੱਸੇ ਹਨ। ਪਹਿਲਾ ਕਾਰਨ, ਰੋਪੜ ਦੇ ਫੌਜਦਾਰ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਵਰਗੀ ਵੱਡੀ ਸਖਸ਼ੀਅਤ ਨੂੰ ਔਰੰਗਜ਼ੇਬ ਦੇ ਹੁਕਮ ਤੋਂ ਬਗੈਰ ਹੱਥ ਪਾਉਣ ਤੋਂ ਡਰਦਿਆਂ ਇਹਤਿਯਾਤ ਦੇ ਤੌਰ ’ਤੇ ਹਿਰਾਸਤ ਵਿਚ ਲੈ ਕੇ ਸਰਹਿੰਦ ਭੇਜਣ ਤੋਂ ਬਾਅਦ ਫੌਜਦਾਰ ਸੇਠ ਟੋਡਰ ਮੱਲ ਦੇ ਅਸਰ ਰਸੂਖ ਸਦਕਾ ਗੁਰੂ ਜੀ ਨੂੰ ਰਿਹਾਅ ਕਰ ਦੇਣਾ ਕਿਉਂਕਿ ਸੇਠ ਟੋਡਰ ਮੱਲ ਗੁਰੂ ਘਰ ਦਾ ਸ਼ਰਧਾਲੂ ਸੀ। ਦੂਜਾ ਕਾਰਨ, ਕਸ਼ਮੀਰ ਅਤੇ ਆਗਰਾ ਦੇ ਗਵਰਨਰ ਰਹਿ ਚੁੱਕੇ ਸੈਫ਼ਾਬਾਦ ਦੇ ਨਵਾਬ ਸੈਫ਼ ਖਾਂ ਦੀ ਗੁਰੂ ਜੀ ਪ੍ਰਤੀ ਅਥਾਹ ਸ਼ਰਧਾ, ਜਿਸ ਨੇ ਔਰੰਗਜ਼ੇਬ ਦੀ ਪਰਵਾਹ ਕੀਤੇ ਬਿਨਾਂ ਜੁੱਰਅਤ ਨਾਲ ਸ਼ਰਧਾ ਦਿਖਾਉਂਦੇ ਹੋਏ ਗੁਰੂ ਸਾਹਿਬ ਨੂੰ ਤਿੰਨ ਮਹੀਨੇ ਆਪਣੇ ਪਾਸ ਠਹਿਰਾਇਆ। ਇਹ ਵਿਚਾਰ ਕਾਫੀ ਹੱਦ ਤੱਕ ਠੀਕ ਵੀ ਜਾਪਦਾ ਹੈ ਕਿਉਂਕਿ ਭੱਟ ਵਹੀਆਂ ਵਿਚ ਗੁਰੂ ਜੀ ਦੀ ਰੋਪੜ ਵਾਲੀ ਗ੍ਰਿਫ਼ਤਾਰੀ ਤੋਂ ਬਾਅਤ ਸ਼ਹੀਦ ਹੋਣ ਦਾ ਕੋਈ ਜ਼ਿਕਰ ਨਹੀਂ ਜਦੋਂ ਕਿ ਆਗਰੇ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਿੱਖ ਸ੍ਰੋਤ ਗ੍ਰੰਥਾਂ ਵਿਚ ਸ਼ਹੀਦੀ ਬਾਰੇ ਵਿਸਥਾਰ ਨਾਲ ਮਿਲਦਾ ਹੈ। ਇਹ ਵੀ ਸੰਭਵ ਹੈ ਕਿ ਸੰਚਾਰ ਸਾਧਨਾਂ ਦੀ ਘਾਟ ਕਾਰਨ ਭੱਟ ਵਹੀਆਂ ਦੇ ਕਰਤਾ ਨੂੰ ਰੋਪੜ ਵਾਲੀ ਗ੍ਰਿਫ਼ਤਾਰੀ

---

[38] *ਇਤਿ ਜਿਨਿ ਕਰੀ,* ਪੰਨੇ 171-172

[39] *ਸਿੱਖ ਇਤਿਹਾਸ ਦੇ ਅਣਗੌਲੇ ਪਤਰੇ,* ਪੰਨੇ 33-34

ਤੋਂ ਬਾਅਦ ਗੁਰੂ ਜੀ ਦੀ ਰਿਹਾਈ ਦਾ ਪਤਾ ਨਾ ਲੱਗ ਸਕਿਆ ਹੋਵੇ। ਸਿੱਖ ਸ੍ਰੋਤ ਗ੍ਰੰਥਾਂ ਵਿਚ ਰੋਪੜ ਵਾਲੀ ਗ੍ਰਿਫ਼ਤਾਰੀ ਦੇ ਜ਼ਿਕਰ ਵੀ ਅਣਹੋਂਦ ਦਾ ਵੀ ਇਹੀ ਕਾਰਨ ਹੋ ਸਕਦਾ ਹੈ। ਭੱਟ ਵਹੀਆਂ ਵਿਚ ਗੁਰੂ ਜੀ ਦੀ ਕੈਦ ਸੰਬੰਧੀ ਜਿਹੜੀ 4 ਮਹੀਨੇ ਦੇ ਸਮੇਂ ਵਾਲੀ ਗੱਲ ਆਉਂਦੀ ਹੈ ਹੋ ਸਕਦਾ ਹੈ ਕਿ ਇਹ ਗੱਲ ਲਾਗੂ ਹੋਣ ਦੀ ਥਾਂ ਕੇਵਲ ਲਿਖਤੀ ਰੂਪ ਤੱਕ ਹੀ ਸੀਮਿਤ ਰਹਿ ਗਈ ਹੋਵੇ, ਬਿਲਕੁਲ ਉਸੇ ਤਰ੍ਹਾਂ ਜਿਵੇਂ ਜਹਾਂਗੀਰ ਦੁਆਰਾ ਗੁਰੂ ਅਰਜਨ ਦੇਵ ਜੀ ਦੇ ਘਰ, ਜਾਇਦਾਦ ਅਤੇ ਪਰਿਵਾਰ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕਰਨ ਦਾ ਹੁਕਮ[40] ਲਿਖਤ ਵਿਚ ਤਾਂ ਆ ਗਿਆ ਪਰ ਲਾਗੂ ਨਾ ਹੋਇਆ। ਖੈਰ, ਇਸ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਸਾਹਿਬ ਦੀ ਰਿਹਾਈ ਨੂੰ ਪ੍ਰਵਾਨ ਕਰਨ ਨਾਲ ਰੋਪੜ ਜਾਂ ਆਗਰੇ ਵਾਲੀ ਦੁਬਿਧਾ ਲਗਭਗ ਖਤਮ ਹੋ ਜਾਂਦੀ ਹੈ ਕਿਉਂਕਿ ਗੁਰੂ ਸਾਹਿਬ ਦੇ ਸ਼ਹੀਦੀ ਤੋਂ ਪਹਿਲਾਂ ਕੁੱਝ ਮਹੀਨੇ ਨਵਾਬ ਸੈਫ਼ ਖ਼ਾਨ ਕੋਲ ਠਹਿਰਨ ਦਾ ਸਮਾਂ ਲਗਭਗ ਸਾਰੇ ਸਿੱਖ ਸ੍ਰੋਤ[41] ਪ੍ਰਵਾਨ ਕਰਦੇ ਹਨ। ਇਸ ਵਿਚਾਰ ਸੰਬੰਧੀ ਅੰਤਿਮ ਨਿਰਣਾ ਵਿਦਵਾਨ ਪਾਠਕਾਂ ਅਤੇ ਲੇਖਕਾਂ ਨੇ ਹੀ ਕਰਨਾ ਹੈ।

ਨਵਾਬ ਸੈਫ਼ ਖ਼ਾਨ ਪਾਸੋਂ ਵਿਦਾ ਹੋ ਕੇ ਗੁਰੂ ਸਾਹਿਬ ਪਟਿਆਲਾ, ਸਮਾਣਾ, ਚੀਕਾ, ਪਹੋਵੇ, ਕੈਥਲ, ਜੀਂਦ, ਲਖਣ ਮਾਜਰਾ, ਰੋਹਤਕ, ਕਠੋੜ ਆਦਿ ਸਥਾਨਾਂ ਤੋਂ ਹੁੰਦੇ ਹੋਏ ਆਗਰਾ ਪਹੁੰਚੇ[42] ਜਿੱਥੇ ਉਹਨਾਂ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਦਿੱਲੀ ਲਿਆਂਦਾ ਗਿਆ। ਗੁਰੂ ਸਾਹਿਬ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ

---

[40] *ਤੁਜ਼ਕਿ ਜਹਾਂਗੀਰੀ* ਉਧਰਿਤ *ਸਿੱਖ ਇਤਿਹਾਸ ਬਾਰੇ* ਕ੍ਰਿਤ ਡਾ. ਗੰਡਾ ਸਿੰਘ, ਪੰਨੇ 10-11

[41] (ੳ) ਬਸੇ ਚੁਮਾਸਾ ਸਤਿਗੁਰੂ ਡੇਰਾ ਕੀਨਿ ਮੁਕਾਮ।। ਸੈਫ਼ਦੀਨ ਸੇਵਾ ਕਰਹਿ ਨਿਤ ਪ੍ਰਤਿ ਆਇ ਸਲਾਮ।। (*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 12, ਅੰਸੂ 31, ਪੰਨਾ 4337)

(ਅ) *ਤਵਾਰੀਖ ਗੁਰੂ ਖਾਲਸਾ* ਅਨੁਸਾਰ ਗੁਰੂ ਸਾਹਿਬ 17 ਅੱਸੂ, 1732 ਬਿਕ੍ਰਮੀ (1675 ਈ.) ਤੱਕ ਨਵਾਬ ਸੈਫ਼ਦੀਨ ਕੋਲ ਠਹਿਰੇ।

[42] *ਗੁਰੂ ਤੇਗ ਬਹਾਦਰ ਸਿਮ੍ਰਿਤੀ ਅੰਕ*, ਪੰਨਾ 123

ਦਾਸ ਅਤੇ ਭਾਈ ਦਿਆਲਾ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਨੂੰ ਬਾਅਦ ਵਿਚ ਸ਼ਾਹੀ ਹੁਕਮ ਅਨੁਸਾਰ ਚਾਂਦਨੀ ਚੌਂਕ ਵਿਚ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤਾ ਗਿਆ ਤਾਂ ਕਿ ਗੁਰੂ ਜੀ ਵਿਚ ਡਰ ਪੈਦਾ ਕੀਤਾ ਜਾ ਸਕੇ।

ਇੱਥੇ ਆ ਕੇ ਇਕ ਅੰਤਿਮ ਪ੍ਰਸ਼ਨ ਸਾਹਮਣੇ ਆਉਂਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਔਰੰਗਜ਼ੇਬ ਦਿੱਲੀ ਵਿਚ ਸੀ ਜਾਂ ਹਸਨ ਅਬਦਾਲ। ਜਾਦੂ ਨਾਥ ਸਰਕਾਰ (1947 ਈ.) ਤੋਂ ਪਹਿਲਾਂ ਇਹ ਗੱਲ ਨਿਰਵਿਵਾਦ ਸੀ ਕਿ ਸ਼ਹੀਦੀ ਸਮੇਂ ਔਰੰਗਜ਼ੇਬ ਦਿੱਲੀ ਹੀ ਸੀ ਕਿਉਂਕਿ ਸਿੱਖ ਸ੍ਰੋਤ ਗ੍ਰੰਥ ਗੁਰੂ ਜੀ ਦੀ ਸ਼ਹੀਦੀ ਤੋਂ ਪਹਿਲਾਂ ਔਰੰਗਜ਼ੇਬ ਅਤੇ ਗੁਰੂ ਸਾਹਿਬ ਵਿਚ ਹੋਣ ਵਾਲੀ ਗੱਲ ਬਾਤ ਦਾ ਵਿਸਤ੍ਰਿਤ ਵੇਰਵਾ ਪ੍ਰਦਾਨ ਕਰਦੇ ਹਨ। ਔਰੰਗਜ਼ੇਬ ਦੇ ਦਿੱਲੀ ਵਿਚ ਨਾ ਹੋਣ ਵਾਲੀ ਗੱਲ ਉਸ ਸਮੇਂ ਪ੍ਰਚਲਿਤ ਹੋਈ ਜਦੋਂ ਜਾਦੂ ਨਾਥ ਸਰਕਾਰ ਨੇ *'ਮੁਆਸਿਰੀ ਆਲਮਗਿਰੀ'* ਨਾਮਕ ਪੁਸਤਕ ਦਾ ਅੰਗਰੇਜ਼ੀ ਅਨੁਵਾਦ[43] ਕਰ ਕੇ ਆਪਣੇ ਅਨੁਵਾਦ ਵਿਚ ਇਹ ਗੱਲ ਲਿਖੀ ਕਿ 14 ਫਰਵਰੀ, 1674 ਈ. ਅਫਗਾਨਾਂ ਹੱਥੋਂ ਮੁਗ਼ਲ ਸੈਨਾਪਤੀ ਸੁਜਾਇਤ ਖ਼ਾਨ ਦੇ ਮਾਰੇ ਜਾਣ ਦੀ ਖਬਰ ਮਿਲਣ ਤੋਂ ਬਾਅਦ ਔਰੰਗਜ਼ੇਬ 7 ਅਪ੍ਰੈਲ, 1674 ਈ. ਨੂੰ ਹਸਨ ਅਬਦਾਲ ਵੱਲ ਚਲ ਪਿਆ ਅਤੇ 23 ਦਸੰਬਰ 1675 ਈ. ਤੱਕ ਵਿਦਰੋਹ ਦਬਾਉਣ ਲਈ ਉਥੇ ਹੀ ਰਿਹਾ।[44] ਇਸ ਨੂੰ ਆਧਾਰ ਬਣਾ ਕੇ ਡਾ. ਫ਼ੌਜਾ ਸਿੰਘ[45] ਨੇ ਅਤੇ ਡਾ. ਗੰਡਾ ਸਿੰਘ[46] ਵਰਗੇ ਨਾਮਵਰ ਸਿੱਖ ਇਤਿਹਾਸਕਾਰਾਂ ਨੇ ਆਪਣੀਆਂ

---

[43] ਸਾਕੀ ਮੁਸਤਾਦ ਖਾਂ ਦੁਆਰਾ ਪਰਸੀਅਨ ਭਾਸ਼ਾ ਵਿਚ ਲਿਖੀ ਇਸ ਪੁਸਤਕ ਨੂੰ 1947 ਈ. ਵਿਚ ਜਾਦੂ ਨਾਥ ਸਰਕਾਰ ਅੰਗਰੇਜੀ ਵਿਚ ਅਨੁਵਾਦਿਤ ਕੀਤਾ ਗਿਆ। ਇਸ ਪੁਸਤਕ ਦਾ 1977 ਈ. ਵਿਚ ਪੰਜਾਬੀ ਅਨੁਵਾਦ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਛਾਪਿਆ ਗਿਆ।

[44] *MAÂSIR-I-ÂLAMGIRI,* SIR JADUNATH SARKAR (Translater), 1947 AD, P. 81-82, 91

[45] ਫ਼ੌਜਾ ਸਿੰਘ ਅਤੇ ਤਾਰਨ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ,* ਪੰਨੇ 88

[46] *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 98

ਲਿਖਤਾਂ ਵਿਚ ਇਸ ਗੱਲ ਨੂੰ ਉਭਾਰ ਕੇ ਪੇਸ਼ ਕੀਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਵਕਤ ਔਰੰਗਜ਼ੇਬ ਹਸਨ ਅਬਦਾਲ ਸੀ ਜਿਸ ਨੂੰ ਬਾਅਦ ਦੇ ਬਹੁਤੇ ਸਿੱਖ ਲਿਖਾਰੀਆਂ ਨੇ ਬਿਨਾਂ ਕਿਸੇ ਵਿਚਾਰ ਦੇ ਇੰਨ-ਬਿੰਨ ਪ੍ਰਵਾਨ ਕੀਤਾ। ਜਿਥੋਂ ਤੱਕ *'ਮੁਆਸਿਰੀ ਆਲਮਗਿਰੀ'* ਦੇ ਇਤਿਹਾਸਕ ਮਹੱਤਵ ਦਾ ਪ੍ਰਸ਼ਨ ਹੈ, ਇਸ ਦੀ ਇਤਿਹਾਸਕ ਮਹੱਤਤਾ ਵਾਲੀ ਘਾਟ ਬਾਰੇ ਜਾਦੂ ਨਾਥ ਸਰਕਾਰ ਆਪਣੀ ਪੁਸਤਕ 'HISTORY OF AURANGZIB' ਵਿਚ ਲਿਖਦਾ ਹੈ- *"Unfortunatialy, this work is very condensed and lakes the fullness and detail of the regular official annals."* [47] ਕੀ ਅਜਿਹੀ ਗੁੰਝਲਦਾਰ ਅਤੇ ਇਤਿਹਾਸਕ ਕਮੀ ਵਾਲੀ ਲਿਖਤ ਨੂੰ ਸਾਡੇ ਇਤਿਹਾਸ ਲਈ ਬਿਨਾਂ ਕਿਸੇ ਪੜਤਾਲ ਦੇ ਪ੍ਰਵਾਨ ਕੀਤਾ ਜਾ ਸਕਦਾ ਹੈ? ਔਰੰਗਜ਼ੇਬ ਦੀ ਹਸਨ ਅਬਦਾਲ ਵਾਲੀ ਗੱਲ ਨੂੰ ਰੱਦ ਕਰਦੇ ਹੋਏ ਡਾ. ਸੁਖਦਿਆਲ ਸਿੰਘ ਲਿਖਦੇ ਹਨ- *"ਹਸਨ ਅਬਦਾਲ ਕਿਹੜੀ ਇੰਨੀ ਵੱਡੀ ਮੁਹਿੰਮ ਸੀ ਕਿ ਬਾਦਸ਼ਾਹ ਨੂੰ ਖੁਦ ਫੌਜ ਦੀ ਅਗਵਾਈ ਕਰਨੀ ਪਈ ਸੀ ਅਤੇ ਪੌਣੇ ਦੋ ਸਾਲਾਂ ਦੇ ਅਰਸੇ ਤੱਕ ਉਥੇ ਰਹਿਣਾ ਪਿਆ ਸੀ। ਇਹ ਇਕ ਸਾਧਾਰਨ ਮੁਹਿੰਮ ਸੀ। ਇਹ ਵੀ ਹੋ ਸਕਦਾ ਹੈ ਕਿ ਫੌਜ ਨੂੰ ਹੱਲਾ ਸ਼ੇਰੀ ਦੇਣ ਲਈ ਜਾਂ ਦੁਸ਼ਮਣ ਨੂੰ ਹੌਂਸਲਾਹੀਣ ਕਰਨ ਲਈ ਇਹ ਗੱਲ ਧੁਮਾ ਦਿੱਤੀ ਗਈ ਹੋਵੇ ਕਿ ਬਾਦਸ਼ਾਹ ਖੁਦ ਫੌਜ ਦੀ ਅਗਵਾਈ ਕਰ ਰਿਹਾ ਹੈ। ਅਜਿਹੀ ਗੱਲਾਂ ਦੀ ਰੌਸ਼ਨੀ ਵਿਚ 'ਮੁਆਸਿਰੀ ਆਲਮਗਿਰੀ' ਦੇ ਲੇਖਕ ਨੂੰ ਬਾਦਸ਼ਾਹ ਦੀ ਅਸਲ ਮੌਜੂਦਗੀ ਦਾ ਭੁਲੇਖਾ ਵੀ ਲੱਗ ਸਕਦਾ ਹੈ ਜਾਂ ਜਾਣ ਬੁੱਝ ਕੇ ਵੀ ਪਵਾਇਆ ਜਾ ਸਕਦਾ ਹੈ।"* [48] ਇਸ ਸੰਬੰਧ ਵਿਚ ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ ਮੁਸਲਿਮ ਲਿਖਾਰੀਆਂ ਦੁਆਰਾ ਔਰੰਗਜ਼ੇਬ ਦੀ ਦਿੱਲੀ ਵਿਚ ਗੈਰ

---

[47] *History of AURANGZIB,* 1912 AD, P XVI

[48] ਸੁਖਦਿਆਲ ਸਿੰਘ (ਡਾ.), *ਪੰਜਾਬ ਦਾ ਇਤਿਹਾਸ,* ਜਿਲਦ ਪੰਜਵੀਂ, ਪੰਨਾ 169

ਮੌਜੂਦਗੀ ਰਾਜਨੀਤਿਕ ਸੱਚ ਤਾਂ ਹੋ ਸਕਦਾ ਹੈ ਪਰੰਤੂ ਇਤਿਹਾਸਕ ਸੱਚ ਨਹੀਂ।[49] ਉਹਨਾਂ ਨੇ ਆਪਣੇ ਲੇਖ *'Who ordered the execution of Guru Tegh Bhadur'*[50] ਵਿਚ ਦਲੀਲਪੁਰਵਕ ਤਰੀਕੇ ਨਾਲ ਇਸ ਗੱਲ ਨੂੰ ਪ੍ਰਮਾਣਿਤ ਕੀਤਾ ਹੈ ਕਿ ਜਾਦੂ ਨਾਥ ਸਰਕਾਰ ਦੁਆਰਾ ਹਿਜਰੀ ਸੰਨ ਨੂੰ ਈਸਵੀ ਸੰਨ ਵਿਚ ਸਹੀ ਢੰਗ ਨਾਲ ਤਬਦੀਲ ਨਹੀਂ ਕੀਤਾ ਗਿਆ । ਜੇਕਰ ਅਸੀ ਔਰੰਗਜ਼ੇਬ ਦਾ ਹਸਨ ਅਬਦਾਲ ਵਿਦਰੋਹ ਨੂੰ ਦਬਾਉਣ ਲਈ ਜਾਣਾ ਮੰਨ ਵੀ ਲਈਏ ਤਾਂ ਸਿਰਦਾਰ ਕਪੂਰ ਸਿੰਘ ਦੁਆਰਾ *'Encyclopaedia of Islam (Published in Londen)'* ਦੇ ਹਵਾਲੇ ਨਾਲ ਪੇਸ਼ ਕੀਤਾ ਇਹ ਤੱਥ[51] ਜਿਆਦਾ ਉਚਿਤ ਜਾਪਦਾ ਹੈ ਕਿ ਔਰੰਗਜ਼ੇਬ ਦੀ ਹਸਨ ਅਬਦਾਲ ਤੋਂ ਵਾਪਸੀ ਮਾਰਚ, 1675 ਦੇ ਅੰਤ ਵਿਚ ਹੋਈ ਨਾ ਕਿ ਦਸੰਬਰ 1675 ਈ. ਵਿਚ। ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਮੁਗ਼ਲ ਹਕੂਮਤ ਵਿਚ ਕਿਸੇ ਵੀ ਅਧਿਕਾਰੀ ਨੂੰ, ਭਾਵੇਂ ਉਹ ਕਿੰਨੇ ਵੀ ਵੱਡੇ ਰੁਤਬੇ ਦਾ ਮਾਲਿਕ ਹੋਵੇ, ਇਹ ਅਧਿਕਾਰ ਪ੍ਰਾਪਤ ਨਹੀਂ ਸੀ ਕਿ ਉਹ ਬਾਦਸ਼ਾਹ ਦੀ ਗੈਰ ਮੌਜੂਦਗੀ ਵਿਚ ਕਿਸੇ ਵਿਅਕਤੀ ਨੂੰ ਮੌਤ ਦੀ ਸਜਾ ਦੇ ਸਕੇ। ਘੱਟੋ ਘੱਟ ਔਰੰਗਜ਼ੇਬ ਵਰਗੇ ਚਲਾਕ ਅਤੇ ਹਕੂਮਤ ਲਈ ਅਤਿ ਦਰਜੇ ਦਾ ਜਨੂੰਨ ਰੱਖਣ ਵਾਲੇ ਹਾਕਮ ਦੀ ਹਕੂਮਤ ਵਿਚ ਤਾਂ ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਇਸ ਪ੍ਰਕਾਰ ਔਰੰਗਜ਼ੇਬ ਦੀ ਗੈਰ ਹਾਜਰੀ ਤੋਂ ਬਿਨਾਂ ਗੁਰੂ ਸਾਹਿਬ ਦੀ ਸ਼ਹੀਦੀ ਹੋਣਾ ਸੰਭਵ ਹੀ ਨਹੀਂ। ਸਭ ਤੋਂ ਪ੍ਰਮੁੱਖ ਤੇ ਨਿਰਣਾਇਕ ਤੱਥ ਹੈ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦੀ ਸੰਬੰਧੀ ਬਚਿਤ੍ਰ ਨਾਟਕ ਵਿਚ ਦਿੱਤੀ ਗਈ ਗਵਾਹੀ, ਜਿਸ ਦੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ

---

[49] *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 127

[50] ਉਹੀ, ਪੰਨੇ 128-129

[51] ਉਹੀ, ਪੰਨੇ 129-130

ਜੀ ਨੇ ਆਪਣਾ ਸਰੀਰ ਰੂਪੀ ਭਾਂਡਾ ਦਿੱਲੀ ਦੇ ਬਾਦਸ਼ਾਹ ਦੇ ਸਿਰ 'ਤੇ ਭੰਨਿਆ।[52] ਇਸ ਗਵਾਹੀ ਤੋਂ ਬਾਅਦ ਕਿਸੇ ਪ੍ਰਕਾਰ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਗੁਰੂ ਸਾਹਿਬ ਦੀ ਸ਼ਹੀਦੀ ਸਮੇਂ ਔਰੰਗਜ਼ੇਬ ਦਿੱਲੀ ਵਿਚ ਹੀ ਸੀ ਜਿਸ ਦੇ ਹੁਕਮ ਨਾਲ ਹੀ 'ਕੀਨੋ ਬਡੋ ਕਲੂ ਮਹਿ ਸਾਕਾ' ਵਾਲੀ ਘਟਨਾ ਵਾਪਰੀ।

ਔਰੰਗਜ਼ੇਬ ਦੁਆਰਾ, ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਤਿੰਨ ਵਿਕਲਪ (Option) ਦਿੱਤੇ ਗਏ ਅਤੇ ਸ਼ਾਹੀ ਕਾਜ਼ੀ ਨੇ ਇਹਨਾਂ ਵਿਚੋਂ ਇਕ ਵਿਕਲਪ ਚੁਣਨ ਲਈ ਕਿਹਾ-

ਸ਼ਰ੍ਹਾ ਮਾਨਿ, ਕੈ ਅਜ਼ਮਤਿ ਦੈਨ। ਕਿਧੋਂ ਮ੍ਰਿਤੂ ਅਪਨੀ ਕਰਿ ਲੈਨ।
ਇਨ ਤੀਨਹੁਂ ਮਹਿਂ ਲਖਹੁ ਜੋ ਨੀਕੀ। ਹੀਯ ਕੇ ਬੀਚ ਕਰਹੁ ਸੁ ਠੀਕੀ।[53]

ਗੁਰੂ ਸਾਹਿਬ ਨੇ ਇਸਲਾਮ ਧਾਰਨ ਕਰਨ ਅਤੇ ਕਰਾਮਾਤ ਵਿਖਾਉਣ ਦੀ ਥਾਂ ਸ਼ਹਾਦਤ ਵਾਲਾ ਤੀਸਰਾ ਵਿਕਲਪ ਚੁਣਿਆ। ਔਰੰਗਜ਼ੇਬ ਦੇ ਹੁਕਮ ਦੁਆਰਾ, ਕਾਜ਼ੀ ਅਬਦੁਲ ਵਹਾਬ ਅਲੀ ਵੋਹਰਾ ਦੇ ਫਤਵੇ ਰਾਹੀਂ ਸਮਾਣੇ ਦੇ ਰਹਿਣ ਵਾਲੇ ਜੱਲਾਦ ਜਲਾਲ-ਉਦ-ਦੀਨ ਦੁਆਰਾ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਜੀ ਦਾ ਸੀਸ ਧੜ ਨਾਲੋਂ ਜੁਦਾ ਕਰ ਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਕੀਆਂ ਸਾਖੀਆਂ[54] ਅਤੇ ਭੱਟ ਵਹੀ ਤਲਾਉਂਡਾ[55] ਅਨੁਸਾਰ ਉਹਨਾਂ ਦੀ ਸ਼ਹੀਦੀ ਮੱਘਰ ਸੁਦੀ 5, ਸੰਮਤ 1732 ਬਿਕ੍ਰਮੀ (1675 ਈ.) ਦਿਨ ਵੀਰਵਾਰ ਵਾਲੇ ਦਿਨ ਹੋਈ। ਜਿਸ ਬੋਹੜ ਦੇ ਰੁੱਖ ਹੇਠਾਂ ਗੁਰੂ ਜੀ ਦੀ ਸ਼ਹੀਦੀ

---

[52] ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ।। -ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ, ਭਾਈ ਰਣਧੀਰ ਸਿੰਘ (ਸੰਪਾ.), ਪੰਨਾ 70

[53] ਔਲਖ, ਅਜੀਤ ਸਿੰਘ, ਡਾ. (ਅਨੁ.), *ਸ੍ਰੀ ਗੁਰ ਪ੍ਰਤਾਪ ਗ੍ਰੰਥ ਸਟੀਕ,* ਜਿਲਦ ਅਠਵੀਂ, ਰਾਸ 12, ਅਧਿਆਇ 64, ਪੰਨਾ 793

[54] *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 82

[55] *ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 84

ਹੋਈ, ਉਸ ਸਥਾਨ ਦੀ ਸ਼ਨਾਖਤ ਮਾਰਚ, 1783 ਈ. ਵਿਚ ਸ. ਬਘੇਲ ਸਿੰਘ ਕਰੌੜਸਿੰਘੀਆ ਨੇ ਦਿੱਲੀ ਜਿੱਤਣ ਤੋਂ ਬਾਅਦ ਇਕ ਬਜ਼ੁਰਗ ਮੁਸਲਿਮ ਮਾਸ਼ਕੀ ਔਰਤ (ਪਾਣੀ ਢੋਣ ਵਾਲੀ) ਤੋਂ ਕਰਵਾਈ ਜਿਸ ਦੇ ਪਿਤਾ ਨੇ ਸ਼ਹੀਦੀ ਤੋਂ ਬਾਅਦ ਪਾਣੀ ਨਾਲ ਸ਼ਹੀਦੀ ਸਥਾਨ ਨੂੰ ਸਾਫ ਕੀਤਾ ਸੀ। ਉਸ ਸਥਾਨ ’ਤੇ ਬਣੀ ਹੋਈ ਮਸਜਿਦ ਦੇ ਨਾਲ ਕੰਧ ਕੱਢ ਕੇ ਸ. ਬਘੇਲ ਸਿੰਘ ਨੇ ਗੁਰਦੁਆਰਾ ਸੀਸਗੰਜ ਸਾਹਿਬ ਦਾ ਨਿਰਮਾਣ ਕਰਵਾਇਆ।[56]

ਸ਼ਹੀਦੀ ਤੋਂ ਬਾਅਦ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਗੁਰੂ ਜੀ ਦੇ ਪਾਵਨ ਸੀਸ ਨੂੰ ਹਕੂਮਤ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦਿੱਲੀ ਤੋਂ ਅਨੰਦਪੁਰ ਸਾਹਿਬ ਵੱਲ ਰਵਾਨਾ ਹੋ ਗਏ। ਬਾਗਪਤ, ਤਰਾਵੜੀ, ਅੰਬਾਲਾ, ਨਾਭਾ ਸਾਹਿਬ ਆਦਿ ਵੱਖ-ਵੱਖ ਸਥਾਨਾਂ ’ਤੇ ਪੜਾਅ ਕਰਦੇ ਹੋਏ ਭਾਈ ਜੈਤਾ ਜੀ ਕੀਰਤਪੁਰ ਸਾਹਿਬ ਪਹੁੰਚੇ। ਕੀਰਤਪੁਰ ਸਾਹਿਬ ਤੋਂ ਗੁਰੂ ਜੀ ਦੇ ਪਾਵਨ ਸੀਸ ਨੂੰ ਸਤਿਕਾਰ ਸਹਿਤ ਜਲੂਸ ਦੀ ਸ਼ਕਲ ਵਿਚ ਅਨੰਦਪੁਰ ਸਾਹਿਬ ਲਿਆ ਕੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਨਮਾਨ ਸਹਿਤ ਸਸਕਾਰ ਕੀਤਾ ਗਿਆ। ਭਾਈ ਜੈਤਾ ਜੀ ਦੀ ਬਹਾਦਰੀ ਵੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ‘ਰੰਘਰੇਟਾ ਗੁਰੂ ਕਾ ਬੇਟਾ’ ਕਹਿ ਕੇ ਮਾਣ ਪ੍ਰਦਾਨ ਕੀਤਾ। ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ[57] ਭਾਈ ਜੈਤਾ ਜੀ ਦੇ ਨਾਲ ਸੀਸ ਲੈ ਕੇ ਜਾਣ ਵਾਲਿਆਂ ਵਿਚ ਭਾਈ ਨਾਨੂ ਜੀ ਅਤੇ ਭਾਈ ਊਦਾ ਜੀ ਵੀ ਸਨ ਜੋ ਮੱਘਰ ਸੁਦੀ 10, ਸੰਮਤ 1732 ਬਿਕ੍ਰਮੀ (1675 ਈ.) ਨੂੰ ਕੀਰਤਪੁਰ ਸਾਹਿਬ ਪਹੁੰਚੇ। ਗੁਰੂ ਕੀਆਂ ਸਾਖੀਆਂ[58] ਵਿਚ ਚੌਥੇ ਸਿੱਖ ਭਾਈ ਆਗਿਆ ਦਾ ਵੀ ਜ਼ਿਕਰ ਆਉਂਦਾ ਹੈ।

---

[56] Bhagat singh, *History of Sikh Misals,* P. 279

[57] *ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਆਇਓਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 84

[58] *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 84

ਭਾਈ ਲੱਖੀ ਸ਼ਾਹ ਵਣਜਾਰੇ ਨੇ ਮੱਘਰ ਸੁਦੀ 6, 1732 ਬਿਕ੍ਰਮੀ (1675 ਈ.) ਦੀ ਰਾਤ ਨੂੰ ਆਪਣੇ ਪੁੱਤਰਾਂ ਨਗਾਹੀਆ, ਹੇਮਾ, ਹਾੜੀ ਅਤੇ ਕਾਹਨੇ ਦੇ ਲੜਕੇ ਧੂਮਾ ਦੀ ਸਹਾਇਤਾ ਨਾਲ ਗੁਰੂ ਜੀ ਦੇ ਪਾਵਨ ਧੜ ਨੂੰ ਆਪਣੇ ਘਰ ਵਿਚ ਲਿਆ ਕੇ ਸਸਕਾਰ ਕੀਤਾ ਅਤੇ ਹਕੂਮਤ ਨੂੰ ਧੋਖਾ ਦੇਣ ਲਈ ਆਪਣੇ ਘਰ ਨੂੰ ਅੱਗ ਲਗਾ ਦਿੱਤੀ।[59] ਇਸ ਸਥਾਨ ’ਤੇ ਵਰਤਮਾਨ ਸਮੇਂ ਵਿਚ ਗੁਰਦੁਆਰਾ ਰਕਾਬ ਗੰਜ ਸਾਹਿਬ ਮੌਜੂਦ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਸ ਅਦੁੱਤੀ ਸ਼ਹਾਦਤ ਦੇ ਬਹੁਤ ਹੀ ਦੂਰ ਅੰਦੇਸ਼ੀ ਇਤਿਹਾਸਕ ਪ੍ਰਭਾਵ ਪਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ[60] ਇਸ ਅਦੁੱਤੀ ਸਾਕੇ ਤੋਂ ਬਾਅਦ ਸਮੁੱਚੇ ਜਗਤ ਵਿਚ ਹਾਹਾਕਾਰ ਮੱਚ ਗਈ ਅਤੇ ਪਰਾਭੌਤਿਕ ਸੰਸਾਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੈ ਜੈ ਕਾਰ ਹੋਣ ਲੱਗ ਪਈ। ਇਸ ਸ਼ਹਾਦਤ ਨੇ ਸੁੱਤੀ ਹੋਈ ਲੋਕਾਈ ਨੂੰ ਇਕ ਜਬਰਦਸਤ ਹਲੂਣਾ ਦਿੱਤਾ ਜਿਸ ਤੋਂ ਬਾਅਦ ਅਨੇਕਾਂ ਥਾਵਾਂ ਤੋਂ ਔਰੰਗਜ਼ੇਬ ਦੀ ਮੁਗ਼ਲ ਹਕੂਮਤ ਦੇ ਖਿਲਾਫ ਵਿਦਰੋਹ ਹੋਣ ਲੱਗ ਪਏ। ਡਾ. ਇੰਦੂ ਭੂਸ਼ਣ ਬੈਨਰਜੀ ਲਿਖਦੇ ਹਨ ਕਿ ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਸਾਰਾ ਪੰਜਾਬ ਨਫਰਤ ਅਤੇ ਬਦਲੇ ਦੀ ਭਾਵਨਾ ਨਾਲ ਭੜਕ ਉੱਠਿਆ।[61] ਰਤਨ ਸਿੰਘ ਭੰਗੂ ਅਨੁਸਾਰ ਉਸ ਦਿਨ ਤੋਂ ਦਿੱਲੀ ਦੀ ਮੁਗ਼ਲ ਹਕੂਮਤ ਦਾ ਪ੍ਰਭਾਵ ਘਟਣਾ ਸ਼ੁਰੂ ਹੋ ਗਿਆ-

ਤਬ ਤੇ ਘਟੀ ਪਾਤਸ਼ਾਹੀ ਦਿੱਲੀ। ਤਬ ਤੇ ਤੁਰਕ ਕਲਾ ਭਈ ਢਿੱਲੀ।[62]

---

[59] *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨਾ 85 ਅਤੇ *ਭੱਟ ਵਹੀ ਜਾਦੋਬੰਸੀਆਂ, ਖਾਤਾ ਕਨਾਵਤ ਬੜਤੀਓਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨਾ 84

[60] ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ॥ ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥ -*ਸ਼ਬਦਾਰਥ ਦਸਮ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 73

[61] ਇੰਦੂਭੂਸ਼ਣ ਬੈਨਰਜੀ, *ਖਾਲਸੇ ਦੀ ਉਤਪਤੀ*, ਭਾਗ ਦੂਜਾ, ਪੰਨਾ 63

[62] *ਸ੍ਰੀ ਗੁਰ ਪੰਥ ਪ੍ਰਕਾਸ਼*, ਜੀਤ ਸਿੰਘ ਸ਼ੀਤਲ, ਡਾ. (ਸੰਪਾ.), ਪੰਨਾ 69

ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਔਰੰਗਜ਼ੇਬ ਬੇਚੈਨ ਹੋ ਗਿਆ ਤੇ ਉਹ ਉਸ ਰਾਤ ਨੂੰ ਚੰਗੀ ਤਰ੍ਹਾਂ ਨਾ ਸੌਂ ਸਕਿਆ।[63] ਉਸ ਦੇ ਆਪਣੇ ਹੀ ਅਹਿਲਕਾਰਾਂ ਨੇ ਉਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। *'ਨਵਾਬ ਸੈਫ਼, ਜੋ ਪੰਜ ਹਜਾਰ ਦਾ ਮਨਸਬਦਾਰ ਸੀ ਅਤੇ ਉਸ ਦੀ ਬੇਗਮ ਗੁਰੂ ਸਾਹਿਬ ਦੇ ਅਕੀਦਤਮੰਦ ਸਨ। ਗੁਰੂ ਸਾਹਿਬ ਦੀ ਸ਼ਹਾਦਤ 'ਤੇ ਇਹਨਾਂ ਨੇ 40 ਦਿਨ ਸੋਗ ਮਨਾਇਆ ਅਤੇ ਮਾਤਮੀ ਲਿਬਾਸ ਪਹਿਨਿਆ। ਦਿੱਲੀ ਵਿਚ ਗੁਰੂ ਜੀ ਦੀ ਕੈਦ ਅਤੇ ਫਿਰ ਸ਼ਹਾਦਤ ਸਮੇਂ ਚਾਂਦਨੀ ਚੌਂਕ ਦੀ ਕੋਤਵਾਲੀ ਦਾ ਦਰੋਗਾ ਖਵਾਜਾ ਅਬਦੁੱਲਾ ਇਤਨਾ ਪ੍ਰਭਾਵਿਤ ਹੋਇਆ ਕਿ ਸ਼ਹੀਦੀ ਮਗਰੋਂ ਤੁਰੰਤ ਨੌਕਰੀ ਛੱਡ ਕੇ ਗੁਰੂ ਗੋਬਿੰਦ ਸਿੰਘ ਪਾਸ ਅਨੰਦਪੁਰ ਵਿਚ ਹਾਜਰ ਹੋਇਆ ਅਤੇ ਉਸ ਦੇ ਪੁੱਤਰ ਤੱਕ ਗੁਰੂ ਜੀ ਦੇ ਦਰਬਾਰ ਵਿਚ ਰਹੇ।'*[64] ਖਾਲਿਸਾ ਨਾਮਾ ਦਾ ਕਰਤਾ ਬੱਖਤ ਮੱਲ ਲਿਖਦਾ ਹੈ ਇਕ ਖੁੱਲ੍ਹ-ਖ਼ਿਆਲੀਏ ਦਰਵੇਸ਼ ਨੇ ਜਦ ਸ਼ਹੀਦ ਗੁਰੂ ਤੇਗ਼ ਬਹਾਦਰ ਜੀ ਦੇ ਪਾਵਨ ਮ੍ਰਿਤਕ ਸਰੀਰ ਨੂੰ ਡਿੱਠਾ ਤਾਂ ਪੁਕਾਰ ਕੁ ਕਿਹਾ ਕਿ ਸੁਲਤਾਨ ਨੇ ਚੰਗਾ ਨਹੀਂ ਕੀਤਾ। ਇਹਨਾਂ ਕਾਰਨਾਂ ਕਰ ਕੇ ਹੀ ਇਕ ਐਸਾ ਬਗ਼ਾਵਤ ਦਾ ਤੂਫ਼ਾਨ ਉੱਠੇਗਾ ਜੋ ਸਾਰੀ ਦਿੱਲੀ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ ਤੇ ਦਿੱਲੀ ਉਜਾੜ ਕੇ ਰੱਖ ਦੇਵੇਗਾ।' (ਫ਼ਕਰਿ ਆਜ਼ਾਦਾਨਾ ਰਾਹ ਗੁਜ਼ਰ ਬਰ ਨਾਅਸ਼ ਗੁਰੂ ਉਫ਼ਤਾਦ ਵ ਗੁਫ਼ਤ ਕਿ ਸੁਲਤਾਨ ਖ਼ੂਬ ਨ ਕਰਦ।)[65]

---

[63] ਰਾਤਿ ਪ੍ਰਬਿਰਤੀ ਚਿੰਤ ਅਧੀਨਾ। ਰੁਚਿ ਕਰਿ ਖਾਨਾ ਖ਼ਾਨ ਨ ਕੀਨਾ।
ਜਬਿ ਪ੍ਰਯੰਕ ਪਰ ਪਹੁੰਚਯੋ ਪਾਪੀ। ਹਿਤ ਸੁਪਤਨਿ ਕੇ ਨਿੰਦ੍ਰਾ ਬਯਾਪੀ। - ਔਲਖ, ਅਜੀਤ ਸਿੰਘ, ਡਾ. (ਅਨੁ.), *ਸ੍ਰੀ ਗੁਰ ਪ੍ਰਤਾਪ ਗ੍ਰੰਥ ਸਟੀਕ*, ਜਿਲਦ ਅਠਵੀਂ, ਰਾਸ 12, ਅਧਿਆਇ 68, ਪੰਨਾ 815

[64] *ਗੁਰੂ ਤੇਗ ਬਹਾਦਰ ਸਿਮ੍ਰਿਤੀ ਅੰਕ*, ਪੰਨਾ 109

[65] ਖਾਲਿਸਾ ਨਾਮਾ, ਪੰਨਾ ੧੨, ਖਰੜਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਉਧਰਿਤ *ਇਤਿ ਜਿਨਿ ਕਰੀ,* ਪੰਨਾ 183

ਔਰੰਗਜ਼ੇਬ ਦਾ ਖਿਆਲ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਮੁੱਚੀ ਸਿੱਖ ਕੌਮ ਬੇਸਹਾਰਾ ਹੋ ਕੇ ਨਿਰਾਸ਼ਾ ਦੇ ਆਲਮ ਵਿਚ ਡੁੱਬ ਜਾਵੇਗੀ ਪ੍ਰੰਤੂ ਹੋਇਆ ਇਸਦੇ ਬਿਲਕੁਲ ਹੀ ਉਲਟ। ਇਸ ਸ਼ਹੀਦੀ ਦਾ ਸਿੱਖਾਂ ਵਲੋਂ ਆਪਣੇ ਢੰਗ ਨਾਲ ਪ੍ਰਤੀਕਰਮ ਕੀਤਾ ਗਿਆ ਜਿਸ ਦੀ ਔਰੰਗਜ਼ੇਬ ਨੂੰ ਬਿਲਕੁਲ ਹੀ ਉਮੀਦ ਨਹੀਂ ਸੀ। *'ਮੁਆਸਿਰੀ ਆਲਮਗਿਰੀ'* ਵਿਚ ਇਸ ਪ੍ਰਕਾਰ ਦੀਆਂ ਤਿੰਨ ਘਟਨਾਵਾਂ ਪ੍ਰਾਪਤ ਹੁੰਦੀਆਂ ਹਨ। ਪਹਿਲੀ ਘਟਨਾ[66] 24 ਜੂਨ, 1676 ਈ./22 ਰਬੀ ਉਲ-ਅਵਲ ਨੂੰ ਚਾਂਦਨੀ ਚੌਂਕ ਵਿਚ ਔਰੰਗਜ਼ੇਬ ਦੇ ਘੋੜੇ 'ਤੇ ਚੜ੍ਹਨ ਸਮੇਂ ਵਾਪਰੀ ਜਦੋਂ ਉਸ ਉਪਰ ਇਕ ਸੋਟੀ ਵਗਾਹ ਕੇ ਮਾਰੀ ਗਈ ਜੋ ਉਸ ਦੇ ਰੱਖਿਅਕਾਂ ਦੀ ਛਤਰੀ 'ਤੇ ਵੱਜੀ। ਦੂਜੀ ਘਟਨਾ[67] 19 ਅਕਤੂਬਰ 1676 ਈ. /21 ਸਬਾਨ ਦੀ ਹੈ ਜਦੋਂ ਔਰੰਗਜ਼ੇਬ ਨਮਾਜ਼ ਪੜ੍ਹ ਕੇ ਵਾਪਸ ਆ ਰਿਹਾ ਸੀ ਤਾਂ ਭੀੜ ਵਿਚੋਂ ਉਸ 'ਤੇ ਤਲਵਾਰ ਨਾਲ ਹਮਲਾ ਹੋਇਆ ਜਿਸ ਨਾਲ ਮੁਕੱਰਮ ਖ਼ਾਨ ਦੀ ਉਂਗਲ ਜ਼ਖਮੀ ਹੋ ਗਈ। ਤੀਜੀ ਘਟਨਾ[68] 27 ਅਕਤੂਬਰ 1676 ਈ. /29 ਰਮਜ਼ਾਨ ਦੀ ਹੈ ਜਦੋਂ ਔਰੰਗਜ਼ੇਬ ਜੁੰਮੇ ਦੀ ਨਮਾਜ ਪੜ੍ਹਣ ਤੋਂ ਬਾਅਦ ਜਾਮਾ ਮਸਜਿਦ ਦੀਆਂ ਪੌੜੀਆਂ ਉਤਰ ਕੇ ਕਿਸ਼ਤੀ ਵਿਚ ਸਵਾਰ ਹੋਣ ਲੱਗਿਆ ਤਾਂ ਇਕ ਸਿੱਖ ਨੇ ਉਸ ਦੇ ਦੋ ਇੱਟਾਂ ਮਾਰੀਆਂ। ਬੇਸ਼ਕ ਇਹ ਸਿੱਖ ਔਰੰਗਜ਼ੇਬ ਦੇ ਅੰਗ ਰੱਖਿਅਕਾਂ ਪਾਸੋਂ ਸ਼ਹੀਦ ਹੋ ਗਿਆ ਪਰ ਹੌਸਲੇ ਅਤੇ ਵਿਰੋਧ ਦਾ ਪ੍ਰਗਟਾਵਾ ਕਰ ਗਿਆ। ਇਹ ਤਿੰਨ ਘਟਨਾਵਾਂ ਦੱਸਦੀਆਂ ਹਨ ਕਿ ਗੁਰੂ ਸਾਹਿਬ ਦੀ ਸ਼ਹੀਦੀ ਕਾਰਨ ਸਿੱਖਾਂ ਵਿਚ ਕਿੰਨਾ ਜ਼ਿਆਦਾ ਰੋਸ ਸੀ। ਪ੍ਰਿੰ.

[66] *MAÂSIR-I-ÂLAMGIRI,* SIR JADUNATH SARKAR (Translater), 1947 AD, P. 94-95
[67] ਉਹੀ, ਪੰਨਾ 95
[68] *MAÂSIR-I-ÂLAMGIRI,* SIR JADUNATH SARKAR (Translater), 1947 AD, P. 93

ਸਤਿਬੀਰ ਸਿੰਘ ਨੇ[69] ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੁਲਨਾ ਫ਼ੀਨਕਸ ਨਾਮ ਦੇ ਮਿਥਿਹਾਸਕ ਪੰਛੀ ਨਾਲ ਕੀਤੀ ਹੈ ਜੋ ਆਪਣੇ ਅੰਤਿਮ ਸਮੇਂ ’ਤੇ ਤੀਲੇ-ਤਿਣਕੇ ਇਕੱਠੇ ਕਰ ਕੇ ਉਸ ਦੀ ਅੱਗ ਵਿਚ ਆਪਣੇ ਆਪ ਨੂੰ ਸਾੜ ਦਿੰਦਾ ਹੈ ਜਿਸ ਤੋਂ ਬਾਅਦ ਅੱਗ ਤੋਂ ਰਾਖ ਵਿਚੋਂ ਇਕ ਆਂਡਾ ਨਿਕਲਦਾ ਹੈ ਜਿਸ ਤੋਂ ਫ਼ੀਨਕਸ ਵਰਗਾ ਹੀ ਪੰਛੀ ਪੈਦਾ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਚੋਂ ਉਹਨਾਂ ਵਰਗਾ ਹੀ ਮਜ਼ਲੂਮਾਂ ਦਾ ਰੱਖਿਅਕ ਤੇ ਨਿਡਰ ਖਾਲਸਾ ਪੈਦਾ ਹੋਇਆ।

ਸਮੁੱਚੇ ਤੌਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਧਾਰਮਿਕ ਬਰਾਬਰੀ ਅਤੇ ਮਾਨਵੀ ਸਰੋਕਾਰਾਂ ਦੀ ਆਜ਼ਾਦੀ ਲਈ ਦਿੱਤੀ ਇਕ ਅਦੁੱਤੀ ਸ਼ਹਾਦਤ ਸੀ; ਧਰਮ ਹੇਤ ਕੀਤਾ ਗਿਆ ਅਜਿਹਾ ਸਾਕਾ ਜੋ ‘ਠੀਕਰ ਫੋਰਿ ਦਿਲੀਸ ਸਿਰਿ’ ਵਾਲੀ ਇਤਿਹਾਸਕ ਘਟਨਾ ਬਣ ਗਈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਪੱਖ ਤੋਂ ਵੀ ਮਹੱਤਵਪੂਰਨ ਹੈ ਕਿ ਉਹ ਨਾ ਤਾਂ ਤਿਲਕ-ਜਨੇਊ ਧਾਰਨ ਕਰਦੇ ਸਨ ਨਾ ਹੀ ਇਸ ਵਿਚ ਉਹਨਾਂ ਦਾ ਵਿਸ਼ਵਾਸ਼ ਸੀ ਪ੍ਰੰਤੂ ਫਿਰ ਵੀ ਉਹਨਾਂ ਨੇ ਧਾਰਮਿਕ ਅਨਿਆਂ ਅਤੇ ਜ਼ੁਲਮ ਨੂੰ ਚੈਲੰਜ ਕਰਦੇ ਹੋਏ ਇਹਨਾਂ ਚਿਨ੍ਹਾਂ ਦੇ ਧਾਰਮਿਕ ਵਿਸ਼ਵਾਸ਼ ਲਈ ਸ਼ਹੀਦੀ ਪ੍ਰਾਪਤ ਕੀਤੀ। ਇਹ ਸ਼ਹਾਦਤ ਗੁਰੂ ਸਾਹਿਬ ਦੀ ਪਰਉਪਕਾਰੀ ਭਾਵਨਾ ਅਤੇ ਸਮ ਦ੍ਰਿਸ਼ਟੀ ਵਾਲੀ ਅਵਸਥਾ ਨੂੰ ਪ੍ਰਤੱਖਮਾਨ ਕਰਦੀ ਹੈ। ਇਸ ਲਾਸਾਨੀ ਸ਼ਹਾਦਤ ਤੋਂ ਪ੍ਰੇਰਣਾ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖਾਲਸਾ ਸਾਜਿਆ ਜਿਸ ਨੇ ਕਾਬੁਲ-ਕੰਧਾਰ ਤਕ ਖਾਲਸਾਈ ਨਿਸ਼ਾਨ ਝੁਲਾ ਕੇ ‘ਸਭੇ ਸਾਝੀਵਾਲ ਸਦਾਇਨਿ’ ਵਾਲੇ ਸੁਨਿਹਰੀ ਯੁੱਗ ਦਾ ਆਗਾਜ਼ ਕਰਨ ਵਾਲਾ ਲੋਕ ਪੱਖੀ ਰਾਜ ਸਥਾਪਿਤ ਕੀਤਾ।

---

[69] *ਇਤਿ ਜਿਨਿ ਕਰੀ,* ਪੰਨਾ 186

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕਾਵਿਕ ਡੰਡਉਤ ਬੰਦਨਾ

ਨਵਮ ਨਾਨਕ ਗੁਰ ਤੇਗ ਬਹਾਦਰ, ਦੀਨਾ ਨਾਥ ਗੁਰ ਪਰਮ ਕ੍ਰਿਪਾਲਾ।
ਤਿਆਗ ਬੈਰਾਗ ਕੀ ਮੂਰਤਿ ਸ੍ਰੀ ਗੁਰ, ਸਿਮਰਨ ਕਰਬੇ ਕਉ ਬਡੋ ਬਿਸਾਲਾ ।
ਜਨਨੀ ਨਾਮ ਸ੍ਰੀ ਮਾਤਾ ਨਾਨਕੀ, ਸ੍ਰੀ ਹਰਿਗੋਬਿੰਦ ਪਿਤਾ ਗੁਰ ਹੋਇਓ।
ਦੁਸ਼ਟ ਦੋਖੀਅਨ ਭੰਨੈ ਸ਼ਸਤ੍ਰਨ ਸੰਗਿ, ਦਲ ਭੰਜਨ ਜਿਹ ਗੁਰ ਕਉ ਪਦ ਹੋਇਓ।
ਸੰਨ ਸੋਲਹ ਸੈ ਇਕੀ ਹੋਇਓ, ਵੈਸਾਖ ਭਇਓ ਤਬ ਮਾਸ।
ਅਪ੍ਰੈਲ ਮਾਸ ਈਸਵੀ ਕਉ ਜਾਨਉ, ਜਬ ਪ੍ਰਗਟ ਭਏ ਗੁਣਤਾਸ।
ਅੰਮ੍ਰਿਤਸਰ ਮਹਿ ਜਬ ਪ੍ਰਗਟ ਭਏ ਗੁਰ, ਪ੍ਰਥਮ ਨਾਮ ਤਿਆਗ ਮੱਲ ਭਇਓ।
ਤੇਗ ਚਲਾਵਤ ਦੇਖੇ ਜਬ ਰਣ ਮਹਿ ਛਠਮ ਗੁਰ,
ਤੇਗ ਬਹਾਦਰ ਤਬ ਨਾਮ ਦੀਓ।
ਅਨਿਕ ਬਰਸ ਜਬ ਗ੍ਰਾਮ ਬਕਾਲੇ ਮਹਿ, ਪ੍ਰਭ ਸਿਮਰਨ ਕੀਓ ਗੁਰਦੇਵ।
ਮਹਿਲ ਗੁਰੂ ਕਉ ਮਾਤਾ ਗੁਜਰੀ ਜੀ, ਤਬ ਕੀਨੀ ਗੁਰ ਕੀ ਸੇਵ।
ਅਸ਼ਟਮ ਗੁਰ ਸ੍ਰੀ ਹਰਿਕ੍ਰਿਸ਼ਨ ਜੀ, ਦਿਲੀ ਮਹਿ ਜੋਤੀ ਜੋਤਿ ਸਮਾਏ।
'ਬਾਬਾ ਵਸੈ ਗ੍ਰਾਮ ਬਕਾਲੇ, ਸ੍ਰੀ ਗੁਰ ਮੁਖਿ ਤੇ ਤਬ ਫੁਰਮਾਏ।
ਮੱਖਣ ਸ਼ਾਹ ਕੋ ਅਰਦਾਸ ਰਖਿ ਕੈ, ਗੁਰੂ ਭਏ ਤਬ ਸ੍ਰੀ ਤੇਗ ਬਹਾਦਰ।
ਮਾਲਵਾ ਬਾਂਗਰ ਪੂਰਬ ਦੇਸ ਮਹਿ, ਪ੍ਰਚਾਰ ਕੀਓ ਗੁਰ ਸ੍ਰਿਸ਼ਟਿ ਕੀ ਚਾਦਰ।
ਔਰੰਗਜੇਬ ਕੈ ਜੁਲਮੀ ਰਾਜ ਮਹਿ ਗੁਰ, ਲੋਗਨ ਸਿਉ ਕੀਓ ਬਖਾਨਿ।
"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥"
ਹਿੰਦੂ ਧਰਮ ਬਚਾਵਨ ਕਉ, ਤਿਲਕ ਜਨੇਊ ਲਾਵਨ ਪਾਵਨ ਕਉ,
ਕਸ਼ਮੀਰੀ ਬ੍ਰਾਹਮਣ ਅਤਿ ਭਾਵਨਿ ਸਿਉਂ, ਕ੍ਰਿਪਾਨਿਧਿ ਪਾਸ ਬੇਨੰਤੀ ਕੀਨੀ।
ਸ਼ਰਣਿ ਆਇ ਕੀ ਲਾਜ, ਪਤਿ ਹਿੰਦੂ ਧਰਮ ਕੀ ਆਜ,

ਸ੍ਰੀ ਸਤਿਗੁਰ ਗਰੀਬ ਨਿਵਾਜ, ਨਿਜ ਸੀਸ ਦੇ ਕੈ ਰਖਿ ਲੀਨੀ।
ਆਪਨਿ ਸੀਸ ਦੇ ਕੈ ਸਤਿਗੁਰ, ਸਭ ਹਿੰਦੂਅਨਿ ਕੋ ਸੀਸ ਬਚਾਇਓ।
ਆਪਨਿ ਖੂਨ ਦੇ ਕੈ ਸਤਿਗੁਰ, ਦੀਵਾ ਸਭ ਮੰਦਰ ਮਹਿ ਰੁਸ਼ਨਾਇਓ।
ਹੈ ਹੈ ਹੈ ਭਇਓ ਜਗ ਅੰਦਰਿ, ਜੈ ਜੈ ਜੈ ਸੁਰ ਲੋਕ ਕਰਾਇਓ।
"ਕੀਨੋ ਬਡੋ ਕਲੂ ਮਹਿ ਸਾਕਾ" ਸ੍ਰੀ ਗੁਰੂ ਗੋਬਿੰਦ ਸਿੰਘ ਫੁਰਮਾਇਓ।
ਐਸੋ ਪਰਉਪਕਾਰੀ ਪਰਮ ਪੁਰਖ ਗੁਰ,
ਜਿਹ ਧਰਮ ਢਾਕਨਿ ਕਉ ਚਾਦਰ ਭਇਯਉ।
ਸੰਦੀਪ ਸਿੰਘ ਤਿਹ ਸ੍ਰੀ ਚਰਨਨ ਮਹਿ, ਬਾਰ ਬਾਰ ਬੰਦਨਾ ਕਰਿਯਉ।

***

ਤਿਲੰਗ ਮਹਲਾ ੯ ॥

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥ ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥੧॥ ਰਹਾਉ ॥ ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ ॥ ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ ॥੧॥ ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥ ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥੨॥ ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥ ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥੩॥੩॥

-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 727

ਹੇ ਮਨ! ਪਰਮਾਤਮਾ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਇਆ ਕਰ, ਇਹ ਸਿਫ਼ਤਿ-ਸਾਲਾਹ ਹੀ ਤੇਰਾ ਅਸਲੀ ਸਾਥੀ ਹੈ। ਮੇਰਾ ਬਚਨ ਮੰਨ ਲੈ। ਉਮਰ ਦਾ ਸਮਾ ਲੰਘਦਾ ਜਾ ਰਿਹਾ ਹੈ।੧।ਰਹਾਉ। ਹੇ ਮਨ! ਮਨੁੱਖ ਧਨ-ਪਦਾਰਥ, ਰਥ, ਮਾਲ, ਰਾਜ ਨਾਲ ਬੜਾ ਮੋਹ ਕਰਦਾ ਹੈ। ਪਰ ਜਦੋਂ ਮੌਤ ਦੀ ਫਾਹੀ (ਉਸ ਦੇ) ਗਲ ਵਿਚ ਪੈਂਦੀ ਹੈ, ਹਰੇਕ ਚੀਜ਼ ਬਿਗਾਨੀ ਹੋ ਜਾਂਦੀ ਹੈ।੧। ਹੇ ਝੱਲੇ ਮਨੁੱਖ! ਇਹ ਸਭ ਕੁਝ ਜਾਣਦਾ ਹੋਇਆ ਸਮਝਦਾ ਹੋਇਆ ਭੀ ਤੂੰ ਆਪਣਾ ਕੰਮ ਵਿਗਾੜ ਰਿਹਾ ਹੈਂ। ਤੂੰ ਪਾਪ ਕਰਦਾ (ਕਦੇ) ਸੰਗਦਾ ਨਹੀਂ, ਤੂੰ (ਇਸ ਧਨ-ਪਦਾਰਥ ਦਾ) ਮਾਣ ਭੀ ਦੂਰ ਨਹੀਂ ਕਰਦਾ।੨। ਨਾਨਕ (ਤੈਨੂੰ) ਪੁਕਾਰ ਕੇ ਆਖਦਾ ਹੈ-ਹੇ ਭਾਈ! ਗੁਰੂ ਨੇ (ਮੈਨੂੰ) ਜਿਸ ਤਰ੍ਹਾਂ ਉਪਦੇਸ਼ ਕੀਤਾ ਹੈ, ਉਹ (ਤੂੰ ਭੀ) ਸੁਣ ਲੈ (ਕਿ) ਪ੍ਰਭੂ ਦੀ ਸਰਨ ਪਿਆ ਰਹੁ (ਸਦਾ ਪ੍ਰਭੂ ਦਾ ਨਾਮ ਜਪਿਆ ਕਰ) ।੩।

***

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੇ ਇਤਿਹਾਸਕ ਅਵਸਰ 'ਤੇ ਉਹਨਾਂ ਦੀ ਮਹਾਨ ਸ਼ਹਾਦਤ ਨੂੰ ਕੋਟਾਨਿ-ਕੋਟਿ ਪ੍ਰਣਾਮ ਕਰਦੀ ਹੈ। ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਸਾਡੇ ਸਭਨਾਂ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ ਅਕਾਲ ਪੁਰਖ ਦੀ ਬੰਦਗੀ ਦੀ ਦਾਤ ਬਖਸਿਸ਼ ਕਰਨ ਅਤੇ ਜ਼ੁਲਮ-ਅਨਿਆਂ ਖਿਲਾਫ ਜੁਝਣ ਦਾ ਬਲ ਬਖਸ਼ਣ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਯਾ ਪਰੁ ਸੀ ਨ ਉਚਰੀ ॥੧੩॥
ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ । ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥
ਦੋਹਰਾ ॥ ਠੀਕਰ ਫੋਰਿ ਦਿਲੀਸਿ ਸਿਰਿ ਪ੍ਰਭਪੁਰਿ ਕੀਯਾ ਪਯਾਨ॥
ਤੇਗਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥੧੫॥
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬॥

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ... ਤੀਨ ਦਿਵਸ ਸ਼ਾਹੀ ਕਾਜ਼ੀ ਕੇ ਹੁਕਮ ਗੈਲ ਕੋਤਵਾਲ ਦਿਲੀ ਨੇ, ਗੁਰੂ ਜੀ ਕੋ ਘਨਾ ਕਸ਼ਟ ਦੀਆ ਜੋ ਕਥਨ ਸੇ ਬਾਹਰ ਹੈ। ਸੰਮਤ ਸਤ੍ਰਾਂ ਸੈ ਬਤੀਸ ਮਗਸਰ ਸੁਦੀ ਪੰਚਮੀ ਤੀਜੇ ਪਹਰ ਵੀਰਵਾਰ ਕੇ ਦਿਹੁੰ, ਤੀਨ ਸਿਖੋਂ ਕੀ ਸ਼ਹਾਦਤ ਕੇ ਬਾਦ, ਗੁਰੂ ਜੀ ਕੋ ਬਰੋਟੇ ਕੇ ਗੈਲ ਚਾਂਦਨੀ ਚਉਂਕ ਮੇਂ ਲਾਇ ਬਿਠਾਇਆ । ਸ਼ਾਹੀ ਕਾਜ਼ੀ ਫਿਰ ਬੋਲਾ, ਯਹ ਆਪ ਕੇ ਲੀਏ ਆਖਰੀ ਸਮਾ ਹੈ ਯਾ ਅਜ਼ਮਤ ਯਾ ਇਸਲਾਮ ਕਬੂਲ ਲੇਂ; ਵਰਨਾ ਮਰਨੇ ਕੇ ਲੀਏ ਤਿਆਰੀ ਕਰੀਏ ।" ਗੁਰੂ ਜੀ ਨੇ ਚੁਪ ਸਾਧ ਲੀ। ਕੋਤਵਾਲ ਨੇ ਜਲਾਲੁੱਦੀਨ ਜੱਲਾਦ ਕੀ ਤਰਫ ਦੇਖਾ; ਉਸ ਨੇ ਤਲਵਾਰ ਸੇ; ਸਿਰ ਧੜ ਸੇ ਜੁਦਾ ਕਰ ਦੀਆ।

– ਭੱਟ ਵਹੀ ਤਲਉਂਡਾ, ਪਰਗਣਾ ਜੀਂਦ

ਭੇਟਾ ਰਹਿਤ